# ਸ੍ਰੀ ਵਿਚਾਰਚੰਦਰੋਦਯ

ॐ

Scanned by CamScanner

# ਭੂਮਿਕਾ

**ਆਦਿ ਗੁਰਏ ਨਮਹ, ਜਗਾਦਿ ਗੁਰਏ ਨਮਹ ।**
**ਸਤਿਗੁਰਏ ਨਮਹ , ਸ੍ਰੀ ਗੁਰਦੇਵਏ ਨਮਹ ।।**

ਆਪ ਜੀ ਦੇ ਹੱਥ ਵਿਚਲਾ ਗਰੰਥ ਮੂਲ ਰੂਪ ਵਿੱਚ ਸ੍ਰੀ ਮਾਨ ਪੀਤਾਂਬਰ ਜੀ ਦੁਆਰਾ ਲਿਖਿਆ ਗਿਆ ਹੈ । ਇਸ ਗ੍ਰੰਥ ਵਿਚ ਬਹੁਤ ਸਾਰਾ ਗਿਆਨ ਭਰਿਆ ਪਿਆ ਹੈ, ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਜ਼ਰੂਰਤ ਹੈ । ਇਸ ਦੀ ਸਮਝ, ਬਿਨਾਂ ਪੂਰਨ ਅਭਿਆਸ ਦੇ ਨਹੀਂ ਆ ਸਕਦੀ, ਕਿਸੇ ਪੂਰਨ ਮਹਾਂ ਪੁਰਸ਼ਾਂ ਦੇ ਗਿਆਨ ਦੇ ਸੰਸਕਾਰ ਅਤੇ ਸਰਵਨ, ਮੰਨਣ, ਨਿਧਿਆਸਨ ਦੀ ਪ੍ਰਕ੍ਰਿਆ ਨੂੰ ਪੂਰਨ ਰੂਪ ਵਿੱਚ ਆਪਣੇ ਜੀਵਨ ਤੇ ਘਟਾਉਣ ਨਾਲ ਹੀ ਇਸ ਗ੍ਰੰਥ ਦੇ ਗਿਆਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸ ਗ੍ਰੰਥ ਦਾ ਪੰਜਾਬੀ ਅਨੁਵਾਦ, ਪੂਰਨ ਬ੍ਰਹਮ ਅਤੇ ਸ਼ਾਕਸਾਤ ਮਹਾਰਾਜ਼ ਜੀ ਦੇ ਅਸ਼ੀਰਵਾਦ ਸਦਕਾ ਹੋਇਆ ਹੈ, ਮਹਾਨ ਆਤਮਾਂ, ਪੂਰਨ ਗੁਰੂਦੇਵ ਜੀ ਦੀ ਪੂਰਨ ਕ੍ਰਿਪਾ ਸਦਕਾ ਹੀ ਅਜਿਹੇ ਪੂਰਨ ਬ੍ਰਹਮ ਜੀ ਦੇ ਦਰਸ਼ਨ ਹੋ ਸਕਦੇ ਹਨ । ਉਨ੍ਹਾਂ ਦੀ ਅਪਾਰ ਕ੍ਰਿਪਾ ਸਦਕਾ ਹੀ ਇਹ ਪੰਜਾਬੀ ਅਨੁਵਾਦ ਸੰਭਵ ਹੋਇਆ ਹੈ, ਅਨੁਵਾਦ ਕਰਤਾ ਨੂੰ ਇਸ ਗ੍ਰੰਥ ਸਬੰਧੀ ਕੋਈ ਗਿਆਨ ਨਹੀਂ ਹੈ । ਆਪ ਪੂਰਨ ਤੌਰ ਤੇ ਇਸ ਗ੍ਰੰਥ ਦੇ ਪੰਜਾਬੀ ਅਨੁਵਾਦ ਵਿਚੋਂ ਗਲਤੀਆਂ ਕੱਢਣ ਦੇ ਸਮਰੱਥ ਹੋ, ਜਾਂ ਕਿਸੇ ਵਿਦਵਾਨ ਦੁਆਰਾ ਇਸਦਾ ਅਧਿਐਨ ਕਰ ਸਕਦੇ ਹੋ ।ਜਿਤਨਾਂ ਵੀ ਸੰਭਵ ਹੋ ਸਕਿਆ ਹੈ ਇਸ ਗ੍ਰੰਥ ਨੂੰ ਸਰਲ ਬ਼ਣਾਉਣ ਦੀ ਕੋਸ਼ਿਸ਼, ਸਵਾਮੀ ਪੰਡਿਤ ਜੀ ਮਹਾਰਾਜ ਦੇ ਯਤਨਾਂ ਸਦਕਾ ਕੀਤੀ ਗਈ ਹੈ । ਸ੍ਰੀ ਵਿਚਾਰਚੰਦਰੋਦਯ ਦਾ ਪੰਜਾਬੀ ਅਨੁਵਾਦ ਕਰਵਾਉਣ ਦਾ ਪ੍ਰਯੋਜਨ ਹੀ ਵੱਧ ਤੋਂ ਵੱਧ ਮਨੁੱਖਤਾ ਨੂੰ ਪ੍ਰਮਾਰਥ ਦੇ ਰਸਤੇ ਤੋਰਨਾਂ ਹੈ । ਇਸ ਲਈ ਆਪ ਇਸ ਦਾ ਪੂਰਨ ਅਭਿਆਸ ਹਰ ਰੋਜ ਨਿਤਨੇਮ ਅਨੁਸਾਰ ਹੀ ਕਰੋ । ਇਸ ਤੋਂ ਇਲਾਵਾ ਇਸ ਗ੍ਰੰਥ ਨੂੰ ਪੂਰਨ ਤੌਰ ਤੇ ਸਨਮਾਨ ਸਹਿਤ ਰੱਖਿਆ ਜਾਵੇ । ਆਪ ਅਪਣੇ ਆਪ ਨੂੰ ਪੂਰਨ ਭਾਗਸ਼ਾਲੀ ਅਨੁਭਵ ਕਰੋ ਕਿ ਅਜਿਹਾ ਉਚੱਾ ਅਤੇ ਗਿਆਨ ਭਰਭੂਰ, ਗ੍ਰੰਥਾਂ ਨੂੰ ਖੋਲਣ (ਜਾਣਨ) ਦੀ ਕੂੰਜੀ (ਸ੍ਰੀ ਵਿਚਾਰਚੰਦਰੋਦਯ) ਆਪ ਦੇ ਹੱਥ ਆਈ ਹੈ । ਮਹਾਰਾਜ ਜੀ ਦਾ ਇਹ ਫਰਮਾਨ ਹੈ ਕਿ ਇਸ ਗ੍ਰੰਥ ਦਾ ਪੂਰਨ ਅਭਿਆਸ ਕਰਨ ਨਾਲ ਤੁਸੀਂ ਕਿਸੇ ਵੀ ਪ੍ਰਮਾਰਥ ਦੇ ਗ੍ਰੰਥ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹੋ । ਇਸ ਲਈ ਪੂਰਨ ਸਰਧਾ, ਸਤਿਕਾਰ ਸਹਿਤ ਅਭਿਆਸ ਕਰਨ ਨਾਲ, ਮਹਾਂਪੁਰਸ਼ਾਂ ਦੁਆਰਾ ਗ੍ਰੰਥਾਂ ਰਾਹੀ ਦਿੱਤੇ ਪੂਰਨ ਗਿਆਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ । ਅਸਲ ਵਿੱਚ ਇਹ ਹੀ ਮਨੁੱਖੀ ਜੀਵਨ ਦਾ ਲਕਸ਼ ਹੈ ।

Scanned by CamScanner

ਓੰਮ ਨਮੋਂ ਭਗਵਤੇ ਵਾਸੁਦੇਵਾਏ

ਗੁਰੂਪਰਮਾਤਮਨੇ ਨਮਃ

# ਸ੍ਰੀ ਵਿਚਾਰਚੰਦਰੋਦਯ

## ਪਹਿਲੀ ਕਲਾ ਪ੍ਰਾਰੰਭ

## ਅਪੋਦਘਾਤਵਰਨਣ

## ਮਨਹਰ ਛੰਦ

ਪੁਰਸ ਇਛਾਵਿਸਯ ਪੁਰਸ਼ਾਰਥ ਜੋਈ ਸੋਈ ।
ਦੁੱਖ ਨਾਸ ਸੁੱਖ ਪ੍ਰਾਪਤਿ ਰੂਪ ਮੋਕਸ਼ ਮਾਨਹੁ । ।
ਹੇਤੂ ਤਾਂਕੋ ਬ੍ਰਹਮ ਗਿਆਨ ਸੋ ਪ੍ਰੋਕਸ਼ ਅਪਰੋਕਸ਼ ।
ਤਾਂ ਮੈਂ ਅਪਰੋਕਸ਼ ਦ੍ਰਿੜ ਅਦ੍ਰਿੜ ਦੋ ਗਾਨਹੁ ।।
ਮੋਕਸ਼ ਕੋ ਸਾਕਸ਼ਾਤ ਹੇਤੁ ਦ੍ਰਿੜ ਅਪ੍ਰੋਕਸ਼ ਗਿਆਨ ।
ਹੇਤੂ ਤਾ ਵਿਚਾਰ ਜੀਵ ਬ੍ਰਹਮ ਜਗ ਜਾਨਹੁ ।।
ਤੀਨ ਵਸਤੂ ਰੂਪ ਜੜ ਚੇਤਨ ਦੋ ਜੜ ਮਿਥਿਆ ।
ਮਾਯਾ ਬ੍ਰਹਮ ਚਿੱਤ ਸੋ ਮੈ ਪੀਤਾਂਬਰ ਸਯਾਨਹੁ ।



Scanned by CamScanner

ਪ੍ਰਸ਼ਨ 1 ਪੁਰਸ਼ਾਰਥ ਕੀ ਹੈ ?
ਉਤਰ : ਸਾਰੇ ਪੁਰਸ਼ਾਂ ਦੀ ਇੱਛਾ ਦਾ ਜੋ ਵਿਸ਼ਾ ਹੈ ਉਹ ਪੁਰਸ਼ਾਰਥ ਹੈ ।
ਪ੍ਰਸ਼ਨ 2 ਸਾਰੇ ਪੁਰਸ਼ਾਂ ਨੂੰ ਕਿਸ ਦੀ ਇੱਛਾ ਹੁੰਦੀ ਹੈ ?
ਉੱਤਰ : ਸਾਰੇ ਪੁਰਸ਼ਾਂ ਨੂੰ ਸਾਰੇ ਦੁੱਖਾਂ ਦੀ ਨਵਿਰਤੀ ਅਤੇ ਪਰਮਾਂ ਅਨੰਦ ਦੀ ਪ੍ਰਾਪਤੀ ਦੀ ਇੱਛਾ ਹੁੰਦੀ ਹੈ ।
ਪ੍ਰਸ਼ਨ 3 ਸਾਰੇ ਦੁੱਖਾ ਦੀ ਨਵਿਰਤੀ ਅਤੇ ਪਰਮਾ ਅਨੰਦ ਦੀ ਪ੍ਰਾਪਤੀ ਕੀ ਹੈ ?
ਉੱਤਰ : ਸਾਰੇ ਦੁੱਖਾਂ ਦੀ ਨਵਿਰਤੀ ਔਰ ਪਰਮਾ ਅਨੰਦ ਦੀ ਪ੍ਰਾਪਤੀ ਮੋਕਸ਼ ਦਾ ਸਵਰੂਪ ਹੈ ।
ਪ੍ਰਸ਼ਨ 4 ਮੋਕਸ਼ ਕਿਸ ਤੋਂ ਹੁੰਦਾ ਹੈ ?
ਉਤਰ : ਮੋਕਸ਼ ਬ੍ਰਹਮ ਗਿਆਨ ਤੋਂ ਹੁੰਦਾ ਹੈ ।
ਪ੍ਰਸ਼ਨ 5 ਬ੍ਰਹਮ ਗਿਆਨ ਕੀ ਹੈ ?
ਉੱਤਰ : ਬ੍ਰਹਮ ਗਿਆਨ, ਬ੍ਰਹਮ ਸਵਰੂਪ ਨੂੰ, ਯਥਾਰਥ ਜਾਨਣਾ ਹੀ ਬ੍ਰਹਮ ਗਿਆਨ ਹੈ ।
ਪ੍ਰਸ਼ਨ 6 ਬ੍ਰਹਮ ਗਿਆਨ ਕਿੰਨੇ ਪ੍ਰਕਾਰ ਦਾ ਹੈ ?
ਉੱਤਰ : ਪ੍ਰੋਕਸ਼ ਅਤੇ ਅਪ੍ਰੋਕਸ਼ ਦੋ ਪ੍ਰਕਾਰ ਦਾ ਹੈ ?
ਪ੍ਰਸ਼ਨ 7 ਪ੍ਰੋਕਸ਼ ਬ੍ਰਹਮ ਗਿਆਨ ਕੀ ਹੈ ?
ਉੱਤਰ : "ਸਤ ਚਿੱਤ ਅਨੰਦ ਰੂਪ ਬ੍ਰਹਮ ਹੈ" ਐਸਾ ਜਾਨਣਾ ਪ੍ਰੋਕਸ਼ ਬ੍ਰਹਮ ਗਿਆਨ ਹੈ ।
ਪ੍ਰਸ਼ਨ 8 ਪ੍ਰੋਕਸ਼ ਬ੍ਰਹਮ ਗਿਆਨ ਕਿਸ ਤੋਂ ਹੁੰਦਾ ਹੈ ?
ਉੱਤਰ : ਸਤਿਗੁਰੂ ਅਤੇ ਸਤ ਸ਼ਾਸਤਰ ਦੇ ਬਚਨਾਂ ਵਿਚ ਵਿਸਵਾਸ਼ ਰੱਖਣ ਨਾਲ ਪ੍ਰੋਕਸ਼ ਬ੍ਰਹਮ ਗਿਆਨ ਹੁੰਦਾ ਹੈ ।
ਪ੍ਰਸ਼ਨ 9 ਪ੍ਰੋਕਸ਼ ਬ੍ਰਹਮ ਗਿਆਨ ਨਾਲ ਕੀ ਹੁੰਦਾ ਹੈ ?
ਉੱਤਰ : "ਬ੍ਰਹਮ ਨਹੀਂ ਹੈ," ਐਸੇ ਅਸਤਵਪਾਦਕ ਆਵ੍ਰਣ ਦੀ ਨਵਿਰਤੀ ਹੋ ਜਾਂਦੀ ਹੈ ।
ਪ੍ਰਸ਼ਨ 10 ਪ੍ਰੋਕਸ਼ ਬ੍ਰਹਮ ਗਿਆਨ ਕਦੋਂ ਪੂਰਨ ਹੁੰਦਾ ਹੈ ?
ਉੱਤਰ : ਬ੍ਰਹਮ ਨਿਸ਼ਟ ਗੁਰੂ ਅਤੇ ਵੇਦਾਂਤ ਸ਼ਾਸਤਰ ਦੇ ਅਨੁਸਾਰ ਬ੍ਰਹਮ ਸਵਰੂਪ ਦਾ ਨਿਰਾਧਾਰ ਕਰਨ ਨਾਲ ਪੂਰਨ ਹੁੰਦਾ ਹੈ ।
ਪ੍ਰਸ਼ਨ 11 ਅਪ੍ਰੋਕਸ਼ ਬ੍ਰਹਮ ਗਿਆਨ ਕੀ ਹੈ ?
ਉੱਤਰ : "ਸਚਦਾਨੰਦ ਰੂਪ ਬ੍ਰਹਮ ਮੈਂ ਹਾਂ" ਐਸਾ ਜਾਣਨਾ ਅਪ੍ਰੋਕਸ਼ ਬ੍ਰਹਮ ਗਿਆਨ ਹੈ ।



Scanned by CamScanner

ਪ੍ਰਸ਼ਨ 12 ਅਪ੍ਰੋਕਸ਼ ਬ੍ਰਹਮ ਗਿਆਨ ਕਿਸ ਤੋਂ ਹੁੰਦਾ ਹੈ ?

ਉੱਤਰ : ਗੁਰੂ ਦੇ ਮੁੱਖ ਤੋਂ ''ਤਤ ਤਵੰਮਸੀ'' (ਉਹ ਬ੍ਰਹਮ ਤੂੰ ਹੈ)ਮਹਾਂਵਾਕ ਆਦਿ ਦੇ ਸੁਣਨ ਨਾਲ ਅਪ੍ਰੋਕਸ਼ ਬ੍ਰਹਮ ਗਿਆਨ ਹੁੰਦਾ ਹੈ ।

ਪ੍ਰਸ਼ਨ 13 ਅਪ੍ਰੋਕਸ਼ ਬ੍ਰਹਮ ਗਿਆਨ ਕਿੰਨੇ ਪ੍ਰਕਾਰ ਦਾ ਹੈ ?

ਉੱਤਰ : ਅਦ੍ਰਿੜ ਅਤੇ ਦ੍ਰਿੜ ਦੋ ਪ੍ਰਕਾਰ ਦਾ ਹੈ ।

ਪ੍ਰਸ਼ਨ 14 ਅਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਕੀ ਹੈ ?

ਉੱਤਰ : ਅਸੰਭਾਵਨਾਂ ਔਰ ਵਿਪਰੀਤ ਭਾਵਨਾਂ ਸਹਿਤ ਜੋ ਬ੍ਰਹਮ ਅਤੇ ਆਤਮਾਂ ਦੀ ਏਕਤਾ ਦਾ ਨਿਸ਼ਚਾ ਹੋਵੇ, ਉਹ ਅਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਹੈ ।

ਪ੍ਰਸ਼ਨ 15 ਅਦ੍ਰਿੜ ਅਪ੍ਰੋਕਸ ਬ੍ਰਹਮ ਗਿਆਨ ਕਿਸ ਤੋਂ ਹੁੰਦਾ ਹੈ ?

ਉੱਤਰ :
1 ਕੁਝ ਮਲ ਵਿਕਸ਼ੇਪ ਦੋਸ਼ ਦੇ ਸੁਰਤੀ ਨਾਨਾਤਵ ਦਾ ਗਿਆਨ
2 ਬ੍ਰਹਮ ਦੀ ਅਦਵ੍ਵੈਤਤਾ ਦੇ ਅਸੰਭਵ ਦਾ ਗਿਆਨ
3 ਭੇਦਵਾਦੀ ਅਤੇ ਪਾਮਰ ਪੁਰਸ਼ਾ ਦੇ ਸੰਗ ਦੇ ਸੰਸਕਾਰ

ਏਨਾਂ ਨਾਲ ਪੁਰਸ਼ ਨੂੰ ਗੁਰਮੁੱਖ ਦੁਆਰਾ ਮਹਾਵਾਂਕ ਨੂੰ ਸੁਣਨ ਨਾਲ ਅਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਹੁੰਦਾ ਹੈ ।

ਪ੍ਰਸ਼ਨ 16 ਅਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਤੋਂ ਕੀ ਹੁੰਦਾ ਹੈ ?

ਉੱਤਰ : ਉਤਮ ਲੋਕ ਦੀ ਪ੍ਰਾਪਤੀ, ਪਵਿੱਤਰ ਅਤੇ ਚੰਗੇ ਧਨਵਾਨ ਘਰ ਵਿਚ ਜਨਮ ਹੁੰਦਾ ਹੈ, ਅਤੇ ਨਿਸ਼ਕਾਮੀ ਗਿਆਨੀ ਪੁਰਸ ਦੀ ਕੁਲ ਵਿੱਚ ਜਨਮ ਹੁੰਦਾ ਹੈ

ਪ੍ਰਸ਼ਨ 17 ਅਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਕਦੋਂ ਪੂਰਨ ਹੁੰਦਾ ਹੈ ?

ਉੱਤਰ : ਸਤ ਚਿਤ ਅਨੰਦ ਆਦਿ ਬ੍ਰਹਮ ਦੇ ਵਿਸ਼ੇਸਣ ਦੇ ਅਪ੍ਰੋਕਸ਼ ਭਾਨ ਹੋਏ ਵੀ ਸੰਸ਼ੈ ਅਤੇ ਵਿਪਰੀਤ ਭਾਵਨਾ ਦਾ ਸਦਭਾਵ ਹੋਣ ਨਾਲ ਹੀ ਅਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਪੂਰਨ ਹੁੰਦਾ ਹੈ ।

ਪ੍ਰਸ਼ਨ 18 ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਕੀ ਹੈ ?

ਉੱਤਰ : ਅਸੰਭਾਵਨਾਂ ਅਤੇ ਵਿਪਰੀਤ ਭਾਵਨਾਂ ਤੋਂ ਰਹਿਤ ਜੋ ਬ੍ਰਹਮ ਆਤਮਾ ਦੀ ਏਕਤਾ ਦਾ ਨਿਸਚਾ ਹੁੰਦਾ ਹੈ ਸੋ ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਹੈ ।

ਪ੍ਰਸ਼ਨ 19 ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਕਿਸ ਤੋਂ ਹੁੰਦਾ ਹੈ ?

ਉੱਤਰ : ਗੁਰੂ ਮੁੱਖ ਤੋਂ ਮਹਾਂਵਾਕ ਦੇ ਅਰਥ ਸੁਣਨ, ਮੰਨਣ ਅਤੇ ਨਿਧਿਆਸਨ ਰੂਪ ਵਿਚਾਰ ਕਰਨ ਨਾਲ ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਹੁੰਦਾ ਹੈ ।

ਪ੍ਰਸ਼ਨ 20 ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਨਾਲ ਕੀ ਹੁੰਦਾ ਹੈ ?

ਉੱਤਰ : ਅਭਾਨਾਂਪਾਦਕ ਆਵਰਣ ਅਤੇ ਵਿਕਸ਼ੇਪ ਰੂਪ ਕਾਰੀਜ ਸਹਿਤ ਅਗਿਆਨ ਦੀ ਨਵਿਰਤੀ ਹੀ ਬ੍ਰਹਮ ਗਿਆਨ ਦਾ ਫਲ ਹੈ ।



Scanned by CamScanner

ਪ੍ਰਸ਼ਨ 21 ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਕਦੋਂ ਪੂਰਾ ਹੁੰਦਾ ਹੈ ?

ਉਤਰ : ਦੇਹ ਵਿਖੇ ਅਹੰਪਨੇ ਦੇ ਗਿਆਨ ਦੀ ਤਰਾਂ, ਇਸ ਗਿਆਨ ਦਾ ਬਾਧ ਕਰਕੇ, ਬ੍ਰਹਮ ਤੋਂ ਅਭਿਨ ਆਤਮਾਂ ਵਿਖੇ ਜਦੋਂ ਗਿਆਨ ਹੋਵੇ ਤਾਂ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਪੂਰਣ ਹੁੰਦਾ ਹੈ ।

ਪ੍ਰਸ਼ਨ 22 ਵਿਚਾਰ ਕੀ ਹੈ ?

ਉਤਰ : ਆਤਮਾਂ ਅਤੇ ਅਨਾਤਮਾਂ ਨੂੰ ਅਲੱਗ- ਅਲੱਗ ਜਾਨਣਾ ਵਿਚਾਰ ਹੈ ।

ਪ੍ਰਸ਼ਨ. 23 ਇਹ ਵਿਚਾਰ ਕਿਸ ਤੋਂ ਹੁੰਦਾ ਹੈ ?

ਉਤਰ : ਈਸਵਰ, ਵੇਦ, ਗੁਰੂ ਅਤੇ ਆਪਣਾ ਅੰਤਹਕਰਣ, ਇੰਨਾ ਚਾਰਾਂ ਦੀ ਕ੍ਰਿਪਾ ਨਾਲ ਹੁੰਦਾ ਹੈ ।

ਪ੍ਰਸ਼ਨ 24 ਇਸ ਵਿਚਾਰ ਦਾ ਫਲ ਕੀ ਹੈ ?

ਉਤਰ : ਵਿਚਾਰ ਨਾਲ ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਹੁੰਦਾ ਹੈ ।

ਪ੍ਰਸ਼ਨ 25 ਵਿਚਾਰ ਕਦੋਂ ਪੁਰਨ ਹੁੰਦਾ ਹੈ ?

ਉੱਤਰ : ਦ੍ਰਿੜ ਅਪ੍ਰੋਕਸ਼ ਬ੍ਰਹਮ ਗਿਆਨ ਜਦੋਂ ਹੋ ਜਾਂਦਾ ਹੈ, ਤਾਂ ਪੂਰਨ ਹੁੰਦਾ ਹੈ

ਪ੍ਰਸ਼ਨ 26 ਵਿਚਾਰ ਕਿਸ ਦਾ ਕਰਨਾਂ ਹੈ ? (ਵਿਚਾਰ ਦਾ ਵਿਸ਼ਾ)

ਉੱਤਰ : 1) ਮੈਂ ਕੌਣ ਹਾਂ ? 11) ਬ੍ਰਹਮ ਕੌਣ ਹੈ ? 111) ਪ੍ਰਪੰਚ (ਸੰਸਾਰ) ਕੀ ਹੈ ? ਇਨਾਂ ਦਾ ਵਿਚਾਰ ਕਰਨਾ ਹੈ ।

ਪ੍ਰਸ਼ਨ 27 ਇੰਨਾਂ ਤਿੰਨਾਂ ਵਸਤਾਂ ਦਾ ਸਧਾਰਨ ਰੂਪ ਕੀ ਹੈ ?

ਉੱਤਰ : ਮੈਂ ਅਤੇ ਬ੍ਰਹਮ ਚੇਤਨ ਰੂਪ ਹੈ ,ਅਤੇ ਪ੍ਰਪੰਚ ਜੜ੍ਹ ਹੈ ।

ਪ੍ਰਸ਼ਨ 28 ਚੇਤੰਨ ਸੋ ਕੀ ਹੈ ?

ਉੱਤਰ : ਜੋ ਗਿਆਨ ਰੂਪ ਹੈ ਅਤੇ ਸਾਰੇ ਪ੍ਰਪੰਚ ਨੂੰ ਜਾਣਦਾ ਹੈ ਅਤੇ ਜਿਸਨੂੰ ਮਨ ਇੰਦ੍ਰੀਆਂ ਨਹੀਂ ਜਾਣ ਸਕਦੀਆਂ, ਉਹ ਚੇਤੰਨ ਹੈ ।

ਪ੍ਰਸ਼ਨ 29 ਜੜ ਕੀ ਹੈ ?

ਉੱਤਰ : ਜੋ ਆਪਨੂੰ ਨਾਂ ਜਾਣੇ ਅਤੇ ਦੂਸਰੇ ਨੂੰ ਵੀ ਨਾਂ ਜਾਣੇ, ਅਜਿਹਾ ਅਗਿਆਨ ਉਸ ਦਾ ਕਾਰਯ, ਭੂਤ -ਭੋਤਿਕ ਪਦਾਰਥ ਹੈ , ਸੋ ਜੜ੍ਹ ਹੈ ।

ਪ੍ਰਸ਼ਨ 30 ਉਪਰਲੇ ਤਿੰਨ ਵਸਤੂਆਂ ਦਾ ਕਿਸ ਤਰਾਂ ਉਪਯੋਗ ਹੁੰਦਾ ਹੈ ?

ਉਤਰ : ਤਤ ਤਵੰਮਸੀ ਮਸੀਹ ਮਹਾਂ ਵਾਕ ਵਿੱਚ ਸਥਿਤ ਤਵੰਮ ਪਦ ਅਤੇ ਤਤ ਪਦ ਦਾ ਵਾਚ ਅਰਥ, ਜੀਵ ਅਤੇ ਈਸਵਰ ਜਿਨਾਂ ਦੀ ਉਪਾਦੀ ਰੂਪ ਪ੍ਰਪੰਚ (ਸੰਸਾਰ) ਜਿਨਾਂ ਵਿੱਚ ਰੱਸੀ ਵਿਖੇ ਸੱਪ ਜਿਹਾ, ਅਤੇ ਮਾਰੂਥਲ ਵਿਖੇ ਮਿਰਗ ਜਲ ਜਿਹਾ ਅਤੇ ਅੱਧ ਕੱਟੇ ਪੇੜ ਵਿਖੇ, ਪੁਰਸ਼ ਜਿਹਾ ਵਿਚਾਰਕੇ ਮਿਥਿਆ ਜਾਣਕੇ ਤਿਆਗ ਕਰਨਾ, ਇਹ ਪ੍ਰਪੰਚ ਦੇ ਵਿਚਾਰ ਦਾ ਉਪਯੋਗ ਹੈ ।



Scanned by CamScanner

2) ''ਮੈਂ ਜੋ (ਤੰਵਮ ਪਦ ਦਾ ਲਕਸ਼ ਅਰਥ) ਆਤਮਾ ਸੋ ਤਤ ਪਦ ਦਾ ਲਕਸ ਅਰਥ ਬ੍ਰਹਮ ਹਾਂ '' ਇਸ ਤਰ੍ਹਾਂ ਬ੍ਰਹਮ ਆਤਮਾ ਦੀ ਏਕਤਾ ਨੂੰ ਵਿਚਾਰਕੇ ਸਤ ਜ਼ਾਣਕੇ ਅਵਿਸ਼ੇਸ਼ ਰੱਖਣਾ ''ਇਹ ਕਿ ਮੈਂ ਕੌਣ ਹਾਂ ਅਤੇ ਬ੍ਰਹਮ ਕੌਣ ਹੈ '' ਇਸ ਵਿਚਾਰ ਦਾ ਉਪਯੋਗ ਹੈ ।

ਪ੍ਰਸ਼ਨ 31 ਇਸ ਵਿਚਾਰ ਦਾ ਅਧਿਕਾਰੀ ਕੌਣ ਹੈ, ਉਹ ਕੀ ਕਰੇ ?

ਉਤਰ : ਇਸ ਵਿਚਾਰ ਦਾ ਅਧਿਕਾਰੀ ਉਤਮ ਜਗਿਆਸੂ ਹੈ ਸੋ ਅਧਿਕਾਰੀ ਸਤਿਗੁਰ ਦੀ ਕ੍ਰਿਪਾ ਨਾਲ ਅਪੋਧਘਾਤ ਆਦਿ ਦੀ ਪ੍ਰੀਕ੍ਰਿਆ ਨੂੰ ਵਿਚਾਰਕੇ, ਮੈਂ ਹੀ ਆਪ ਬ੍ਰਹਮ ਹੂੰ ਆਤਮਾ ਨੂੰ ਅਪ੍ਰੋਕਸ ਜਾਣੇ ।

ਪ੍ਰਸ਼ਨ 32 ਉਨਾਂ ਪ੍ਰਕਰਿਆਵਾਂ ਦਾ ਨਾਮ ਕੀ ਹੈ ?

ਉਤਰ : 1) ਅਪੋਧਘਾਤ 2) ਪ੍ਰਪੰਚ ਦਾ ਅਰੋਪ ਅਤੇ ਅਪਵਾਧ 3) ਮੈਂ ਦੇਹ ਤੀਨ ਕਾ ਦ੍ਰਿਸ਼ਟਾ ਹੂੰ ( ਸਥੂਲ ਸੂਕਸਮ ਕਾਰਨ 4) ਮੈਂ ਪੰਚ ਕੋਸ ਅਤੀਤ ਹੂੰ 5) ਤਿੰਨਾਂ ਅਵਸਥਾ ਦਾ ਮੈਂ ਸਾਕਸ਼ੀ ਹਾਂ (ਜਾਗਰਤ, ਸੁਪਨ, ਸੁਸਪਤੀ) 6) ਪ੍ਰਪੰਚ ਦਾ ਮਿਥਿਆਪਨਾ 7) ਆਤਮਾਂ ਦੇ ਵਿਸ਼ੇਸ਼ਣ 8) ਸਚਦਾਨੰਦ ਵਿਸ਼ੇਸ ਵਰਨਣ 9) ਅਵਾਚ ਸਿਧਾਂਤ ਵਰੰਨਣ, (10)ਤਤ ਪਦ ਦਾ ਵਾਚ ਅਰਥ ਅਤੇ ਲਕਸ਼ ਅਰਥ,(11) ਦੋਨਾਂ ਲਕਸ ਅਰਥਾਂ ਦੀ ਏਕਤਾ 12) ਗਿਆਨੀ ਦੇ ਕਰਮ ਦੀ ਨਵਿਰਤੀ 13) ਸਤ ਗਿਆਨ ਭੂਮਿਕਾ 14) ਜੀਵਨ ਮੁਕਤੀ ਅਤੇ ਵਿਦੇਹ ਮੁਕਤੀ 15) ਸ੍ਰੀ ਸੁਰਤੀਸਡਲਿੰਗ ਸੰਗ੍ਰਿਹ 16) ਵੇਦਾਤ ਪ੍ਰਮੇਆ ਇਹ ਇੰਨਾਂ ਪ੍ਰਕ੍ਰਿਆਵਾਂ ਦੇ ਨਾਂਮ ਹਨ ।



Scanned by CamScanner

# ਦੂਸਰੀ ਕਲਾਂ ਮਨਹਰ ਛੰਦ ।।

## ਪ੍ਰਪੰਚਾਰੋਪਾਪਵਾਦ

ਪ੍ਰਪੰਚ ਅਰੋਪਾਪਵਾਦ ਕਰਿ ਨਿਸ ਪ੍ਰਪੰਚ ਵਸਤੂ ।
ਬ੍ਰਹਮ ਜਾਨਿ ਕੇ ਅਵਰਤੂ ਮਾਯਾਦਿਕ ਭਾਨਿਯੇ ।।
ਬ੍ਰਹਮ ਮਾਇਆ ਸੰਬੰਧ ਰੂ ਜੀਵਨ ਈਸ਼ ਭੇਦ ਤਿਨ ।
ਬ੍ਰਹਮ ਮਾਇਆ ਸਬੰਧ ਰੂ ਜੀਵ ਈਸ ਭੇਦ ਤਿਨ ।।
ਛਟ ਯੇ ਅਨਾਦਿ ਤਾਂ ਮੈਂ ਬ੍ਰਹਮਾਨੰਤ ਮਾਨਿਯੇ ।।
ਵਸਤੂ ਮੇ ਅਵਸਤੂ ਕਰ ਕਥਨ ਆਰੋਪ ਵਾਦਿ ।
ਅਵਸਤੂ ਵਸਤੂ ਕਥਨ ਅਪਵਾਦ ਜਨੀਯੇ ।।
ਗੁਰੂ ਕੇ ਪ੍ਰਸਾਦਿ ਯਹ ਯੁਕਿਤ ਜਾਨਿ ਪੀਤਾਂਬਰ ।
ਤਜ ਤਮਕਾ ਰਜ ਆਰਜ ਨਿਜ ਜਾਨਿਯੋ ।।

ਪ੍ਰਸ਼ਨ 33 ਸੁੱਧ ਬ੍ਰਹਮ ਵਿਚ ਪ੍ਰਪੰਚ ਦਾ ਅਰੋਪ ਕਿਵੇਂ ਹੁੰਦਾ ਹੈ ?

ਉੱਤਰ ਅਨਾਦੀ ਸੁੱਧ ਬ੍ਰਹਮ ਵਿੱਚ ਅਨਾਦਿ ਕਲਪਿਤ ਪ੍ਰਕਿਤੀ ਹੈ । ਇਸ ਪ੍ਰਕਿਤੀ ਦਾ ਬ੍ਰਹਮ ਨਾਲ ਅਨਾਦੀ ਕਲਪਿਤ ਤਦਆਤਮ ਸਬੰਧ ਹੈ । ਕਹੀਏ ਕਲਪਿਤ ਭੇਦ ਸਹਿਤ ਵਾਸਤਵ ਅਭੇਦ ਰੂਪ ਸਬੰਧ ਹੈ । ਸੋ ਪ੍ਰਕਿਤੀ ਮਾਇਆ ਅਵਿਦਿਆ ਤਮ-ਪ੍ਰਧਾਨ ਪ੍ਰਕਿਤੀ ਰੂਪ ਕਰਕੇ ਭਾਗ ਨੂੰ ਪਾਉਂਦੀ ਹੈ । ਤਿਸ ਵਿੱਚ ਜੋ ਸੁੱਧ ਸਤਵਗੁਣ ਯੁਕਤ ਸੋ ਮਾਇਆ ਹੈ । 2) ਜੋ ਮਲਿਨ ਸਤਵਗੁਣ ਯੁਕਤ ਸੋ ਅਵਿਦਿਆ ਹੈ । 3) ਜੋ ਤਮੋ ਗੁਣ ਦੀ ਮੁਖਤਾ ਕਰਕੇ ਯੁਕਤ ਹੈ । ਸੋ ਤਮ ਪ੍ਰਧਾਨ ਪ੍ਰਕਿਤੀ ਹੈਂ । ਮਾਇਆ ਵਿਚ ਜੋ ਬ੍ਰਹਮ ਦਾ ਪ੍ਰਤੀਬਿੰਬ ਹੈਂ, ਉਸਨੂੰ ਅਦਿਸ਼ਠਾਨ, (ਬ੍ਰਹਮ) ਅਤੇ ਮਾਇਆ ਸਹਿਤ ਜਗਤ ਕਰਤਾ ਸਰਵਗਯ ਈਸਵਰ ਕਹਿੰਦੇ ਹਨ । ਅਵਿਦਿਆ ਵਿੱਚ ਜੋ ਬ੍ਰਹਮ ਦਾ ਪ੍ਰਤੀਬਿੰਬ ਹੈਂ ਉਸਨੂੰ ਕੂਟਅਸਥ ਅਤੇ ਅਵਿਦਿਆ ਸਹਿਤ ਭੋਗਤਾ ਅਲਪਗ ਜੀਵ ਕਹਿਦੇ ਹਨ । ਸੋ ਈਸ਼ਵਰ ਅਤੇ ਜੀਵ ਵੀ ਅਨਾਦਿ ਕਲਪਿਤ ਹੈ । ਤਿਸ ਵਿੱਚ ਈਸ਼ਵਰ ਦੀ ਉਪਾਧੀ ਮਾਇਆ ਇੱਕ ਹੈ ਅਤੇ ਅਪੇਕਸ਼ਿਕ ਵਿਆਪਕ ਹੈ । ਜਿਸ ਨਾਲ ਈਸ਼ਵਰ ਵੀ ਇੱਕ ਹੈ ਅਤੇ ਵਿਆਪਕ ਹੈ । 2) ਜੀਵਦੀ ਉਪਾਧੀ ਅਵਿਤਿ ਅਤਿਪ੍ਰਛਿੰਨ ਹੈ ਜਿਸ ਵਿਚ ਜੀਵ ਵੀ ਅਨੇਕ ਹੈ ਅਤੇ ਪ੍ਰਛਿੰਨ ਹੈਂ ਜੀਵ



Scanned by CamScanner

ਈਸ਼ਵਰ ਦਾ ਅਨਾਦਿ ਕਲਪਿਤ ਭੇਦ ਹੈ । ਸ੍ਰਿਸਟੀ ਤੋ ਪਹਿਲਾਂ ਜੀਵ ਦੇ ਕ੍ਰਮ ਸਾਹਿਤ ਹੀ ਮਾਇਆ ਵਿੱਚ ਲੀਨ ਹੋ ਕੇ ਰਹਿੰਦੀ ਹੈ ਸੋ ਮਾਇਆ ਸੁਸਪਤਿ ਵਿੱਚ ਅਵਿਦਿਆ ਜਿਹੀ ਬ੍ਰਹਮ ਨਾਲ ਭਿੰਨ ਪ੍ਰਤੀਤ ਨਾਮ ਸਿਧ ਹੁੰਦੀ ਨਹੀਂ । ਇਸ ਤਰਾ ਸ੍ਰਿਸਟੀ ਤੋਂ ਪਹਿਲਾਂ ਸੁਜਾਤੀਅ - ਵਿਜਾਤਿਅ ਸਵਗਤ ਭੇਦ ਰਹਿਤ ਏਕ ਹੀ ਅਦਵਿਤੀਆ (ਦੂਸਰਾ ਨਹੀਂ ਹੈ ) ਸਚਿਦਾਨੰਦ ਰੂਪ ਬ੍ਰਹਮ ਸੀ ।ਤਿਸ ਬ੍ਰਹਮ ਨੂੰ ਸਰਿਸਟੀ ਦੇ ਅਰੰਭ ਵਿੱਚ ਜੀਵ ਦੇ ਪ੍ਰੀਪੱਕ ਹੋਏ ਕਰਮ ਰੂਪ ਨਮਿਤ ਨਾਲ ਮੈਂ ਏਕ ਹਾਂ ਅਤੇ ਬਹੁਤ ਰੂਪ ਹੋਵਾਂ ਅਜਿਹੀ ਇੱਛਾ ਹੋਈ । ਇਸ ਇੱਛਾ ਨਾਲ ਬ੍ਰਹਮ ਦੀ ਉਪਾਧੀ ਮਾਇਆ ਵਿੱਚ ਸ਼ੋਭ ਸਪੋਟੀ ਹੋਕੇ ਕ੍ਰਮ ਨਾਲ ਅਕਾਸ਼ ਵਾਯੁ, ਤੇਜ, ਜਲ, ਧਰਤੀ ਇਹ ਪੰਚ ਮਹਾਂਭੂਤ ਉਤਪੰਨ ਹੋਏ । ਜਿੰਨਾਂ ਦਾ ਪੰਚੀਕਰਨ ਨਹੀਂ ਹੋਇਆ ਸੀ। ਓਦੋਂ ਇੱਕਲੇ -2 ਸਨ । ਇਸ ਨਾਲ ਸਮਸਟੀ ਵਿਆਸਟੀ (ਸੰਪੂਰਨ ਏਕ) ਸੁਖਮ ਸ੍ਰਿਸਟੀ ਹੋਕੇ ਪਿਛੇ ਈਸ਼ਵਰ ਦੀ ਇੱਛਾ ਨਾਲ ਜਿੰਨਾਂ ਦਾ ਪੰਚੀਕਰਨ ਹੋਇਆ, ਤਾਂ ਭੂਤ ਪੰਚੀਕਰਤ ਹੋਏ ਇਸ ਨਾਲ ਸਮਸਿਟੀ - ਵਿਅਸਟੀ ਰੂਪ ਸਥੁਲ ਸਰਿਸਟੀ ਹੋਈ । ਜਿਨਾਂ ਵਿੱਚ ਸਮਸਿਟੀ ਸਥੂਲ ਸੂਕਸ਼ਮ ਕਾਰਨ ਪ੍ਰਪੰਚ ਦਾ ਅਭਿਮਾਨੀ ਜੀਵ ਦੀ ਦ੍ਰਿਸਟੀ ਨਾਲ ਈਸ਼ਵਰ ਹੈ ਅਤੇ ਵਿਅਸਟੀ ਸਥੂਲ ਸੂਕਸ਼ਮ ਕਾਰਣ, ਪ੍ਰਪੰਚ ਦਾ ਅਭਿਮਾਨੀ ਜੀਵ ਹੈ ਜਿੰਨਾਂ ਵਿੱਚ ਈਸ਼ਵਰ ਸਰਵਗ (ਸਭ ਕੁੱਝ) ਹੋਣ ਕਰਕੇ ਨਿੱਤ ਮੁਕਤ ਹੈ । ਅਤੇ ਜੀਵ ਅਲਪਗ (ਥੋੜਾ ਜਾਣਕਾਰ) ਹੋਣ ਨਾਲ ਬੰਨਿਆ ਹੋਇਆ ਹੈ । ਇਸੇ ਤਰਾਂ ਸੁੱਧ ਬ੍ਰਹਮ ਦਾ ਅਰੋਪ ਹੋਇਆ ਹੈ ।



Scanned by CamScanner

ਪ੍ਰਸ਼ਨ 34 ਇਹ ਅਰੋਪ ਸੱਚਾ ਹੈ ਜਾਂ ਝੂਠਾ ਹੈ ?

ਉੱਤਰ : ਇਹ ਅਰੋਪ ਰੱਸੀ ਵਿੱਚ ਸੱਪ ਜੈਸਾ, ਸਾਕਸ਼ੀ ਵਿੱਚ ਸੁਪਨੇ ਜੈਸਾ ਅਤੇ ਦਰਪਣ ਵਿੱਚ ਨਗਰ ਦੇ ਪ੍ਰਤੀਬਿੰਬ ਜੈਸਾ ਮਿਥਿਆ ਹੈ ।

ਪ੍ਰਸ਼ਨ 35 ਇਹ ਆਰੋਪ ਕਿਸ ਨਾਲ ਹੁੰਦਾ ਹੈ ?

ਉੱਤਰ : ਅਗਿਆਨ ਨਾਲ ਹੁੰਦਾ ਹੈ ।

ਪ੍ਰਸ਼ਨ 36 ਇਹ ਅਰੋਪ ਕਦੋਂ ਦਾ ਹੈ, ਕਿਸ ਵਾਸਤੇ ਹੈ, ਇਹ ਵਿਚਾਰ ਕਿਵੇਂ ਹੋਵੇ ?

ਉੱਤਰ : ਜਿਵੇਂ ਕਿਸੇ ਪੁਰਸ਼ ਦੇ ਬਸਤਰ ਉੱਤੇ ਤੇਲ ਦਾ ਦਾਗ ਲੱਗਾ ਹੋਵੇ, ਜਿਸਨੂੰ ਜਾਣਕੇ ਮਿਟਾਉਣ ਦਾ ਉਪਅ ਕਰੀਏ, ਉਹ ਦਾਗ ਕਦੋਂ ਦਾ ਹੈ, ਕਿਉਂ ਲੱਗਾ ਹੈ ਇਸ ਵਿਚਾਰ ਦਾ ਕੋਈ ਮਤਲਬ, ਨਹੀਂ ਹੈ ਇਸ ਤਰਾਂ ਇਹ ਪ੍ਰਪੰਚ ਦਾ ਅਰੋਪ ਕਬ ਅਤੇ ਕਿਉਂ ਹੋਇਆ, ਇਸ ਵਿਚਾਰ ਦਾ ਕੋਈ ਮਤਲਬ ਨਹੀਂ, ਪਰ ਇਸ ਦੀ ਨਵਿਰਤੀ ਕਰਨਾ ਯੋਗ ਹੈਂ ।

ਪ੍ਰਸ਼ਨ 37 ਇਸ ਸਾਰੇ ਆਰੋਪ ਦੀ ਨਵਿਰਤੀ ਕਿਸ ਰੀਤੀ ਨਾਲ ਹੋਵੇਗੀ ?

ਉੱਤਰ : 1) ਬ੍ਰਹਮ ਗਿਆਨ ਨਾਲ ਮਾਇਆ ਅਤੇ ਅਵਿਦਿਆ ਦੀ ਨਵਿਰਤੀ ਹੁੰਦੀ ਹੈ ।

2) ਤਿਸ ਤੇ ਕਾਰਜ ਸਹਿਤ ਪ੍ਰਕ੍ਰਿਤੀ ਦੀ ਨਵਿਰਤੀ ਹੁੰਦੀ ਹੈ ।

3) ਤਿਸ ਤੇ ਪ੍ਰਕ੍ਰਿਤੀ ਅਤੇ ਬ੍ਰਹਮ ਦੇ ਸੰਬੰਧ ਦੀ ਨਵਿਰਤੀ ਹੁੰਦੀ ਹੈ ।

4) ਤਿਸ ਤੇ ਜੀਵ ਭਾਵ ਅਤੇ ਇਸਵਰ ਭਾਵ ਦੀ ਨਵਿਰਤੀ ਹੁੰਦੀ ਹੈ ।

5) ਤਿਸ ਤੇ ਜੀਵ ਈਸ਼ਵਰ ਦੇ ਭੇਦ ਦੀ ਨਵਿਰਤੀ ਹੁੰਦੀ ਹੈ ।

6) ਤਿਸ ਤੇ ਬੰਧ ਨਵਿਰਤੀ ਹੋਕੇ ਮੋਕਸ਼ ਪ੍ਰਾਪਤ ਹੁੰਦਾ ਹੈ, ਇਸ ਰੀਤੀ ਨਾਲ ਏਕ ਕਾਲ (ਇੱਕੋ ਸਮੇਂ) ਵਿੱਚ ਸਾਰੇ ਅਰੋਪਾ ਦੀ ਨਵਿਰਿਤੀ ਰੂਪ ਅਪਵਾਧ ਹੁੰਦਾ ਹੈ ।

ਪ੍ਰ -38 ਏਹ ਬ੍ਰਹਮ ਗਿਆਨ ਕਿਸ ਨਾਲ ਹੁੰਦਾ ਹੈ ?

ਉ : ਇਹ ਬ੍ਰਹਮ ਗਿਆਨ ਵਿਚਾਰ ਨਾਲ ਹੁੰਦਾ ਹੈ ।



Scanned by CamScanner

ਤੀਜੀ ਕਲਾ (ਮਨਹਰ ਛੰਦ)

# ਦੇਹ ਤੀਨ ਕਾ ਮੈ ਦਰਸਟਾ ਹੂੰ

*ਦ੍ਰਸਟਾ ਤੀਨ ਦੇਹ ਕੋ ਮੈ ਸਥੂਲ ਸੂਕਸਮ ਕਾਰਨ ਯੇ ਤੀਨ ।*
*ਦੇਹ ਦ੍ਰਿਸਯ ਅਰੁ ਅਨਾਤਮਾਂ ਮਾਨਿਯੋ ।।*
*ਪੰਚਕ੍ਰਿਤ ਪੰਚ ਭੂਤਨ ਕੇ ਪਚੀਸ ਤੱਤਵ ਕੋ ।*
*ਸਥੂਲ ਦੇਹ ਏਕ ਭੋਗ ਆਯਤਨ ਗਾਨਿਓ ।।*
*ਅਪੰਚੀਕ੍ਰਿਤ ਭੂਤਨ ਕੇ ਸਪਤ ਦਸ ਤੱਤਵ ਕੋ ।*
*ਸੂਕਸਮ ਦੇਹ ਹੋਈ ਭੋਗ ਸਾਧਨ ਪ੍ਰਮਾਨਿਯੋ ।।*
*ਅਗਿਆਨ ਕਾਰਨ ਦੇਹ ਘਟਵਤ ਦ੍ਰਿਸਯ ਯਹ ।*
*ਪੀਤਾਂਬਰ ਦ੍ਰਸ਼ਟਾ ਆਪ ਜਾਨਿ ਦ੍ਰਸ਼ਯ ਭਾਨਿਯੋ ।।*

ਪ੍ਰ- 39 ਮੈ ਤੀਨ ਦੇਹ ਕਾ ਦੇਖਣੇ ਵਾਲਾ ਹਾਂ ਉਹ ਕੇਹੜੀਆਂ ਹਨ ?
ਉ : ਸਥੂਲ ਦੇਹ, ਕਾਰਨ ਦੇਹ, ਸੂਕਸ਼ਮ ਦੇਹ, ਤਿੰਨ ਦੇਹਾਂ ਹਨ ।
ਪ੍ਰ- 40 ਸਥੂਲ ਦੇਹ ਕੀ ਹੈ ?
ਉ : ਪੰਚੀਕ੍ਰਿਤ ਪੰਚ ਮਹਾਂਭੂਤ ਦੇ ਪੰਚੀ ਤੱਤ ਦਾ ਸਥੂਲ ਦੇਹ ਹੈ ।
ਪ੍ਰ- 41 ਪੰਚ ਮਹਾਂ ਭੂਤ ਕੇਹੜੇ ਕੇਹੜੇ ਹਨ ?
ਉ ਅਕਾਸ, ਵਾਯੂ ,ਤੇਜ ,ਜਲ ,ਪ੍ਰਿਥਵੀ
ਪ੍ਰ- 42 ਪੰਚ ਮਹਾਂ ਭੂਤਾਂ ਦੇ ਪੰਚੀ ਤੱਤਾਂ ਦੇ ਨਾਂਮ ਪਦਾਰਥ ਕੇਹੜੇ ਹਨ ?
ਉ : 1 ਅਕਾਸ ਦੇ ਪੰਜ ਤੱਤ-ਕਾਮ, ਕ੍ਰੋਧ, ਸੋਕ, ਮੋਹ, ਡਰ 2, ਹਵਾ ਦੇ ਪੰਜ ਤੱਤ - ਚਲਨ, ਵਲਨ ਧਾਵਨ, (ਦੌੜਨਾਂ) ਪ੍ਰਸਾਰਨ ,ਅਕੂਚਨ 3, ਤੇਜ ਦੇ ਪੰਚ ਤੱਤ,- ਭੂਖ ਪਿਆਸ ਆਲਸ ਨੀਂਦ, ਕਾਂਤੀ (ਤੇਜ) 4 ਜਲ ਦੇ ਪੰਚ ਤੱਤ,- ਸੂਕਰ (ਵੀਰਜ) ਸੋਕਿਤ (ਖ਼ੂਨ) ਲਾਰ, ਮੂਤਰ, ਸਵੇਦ (ਪਸੀਨਾਂ) 5, ਧਰਤੀ ਦੇ ਪੰਜ ਤੱਤ, - ਅਸਥੀ, (ਹੱਡੀ) ਮਾਸ, ਨਾੜੀ, ਚਮੜੀ ਰੋਮ ।
ਪ੍ਰ- 43 ਪੰਚੀਕ੍ਰਿਤ ਪੰਚ ਮਹਾਂ ਭੂਤ ਕਿਸਨੂੰ ਕਹਿੰਦੇ ਹਨ ?
ਉ : ਜਿਨਾਂ ਭੂਤਾਂ ਦਾ ਪੰਚੀਕਰਨ ਹੋਇਆ ਹੋਵੇ ਓਨਾਂ ਨੂੰ ਕਹਿੰਦੇ ਹਨ ।
ਪ੍ਰ- 44- ਪੰਚੀਕਰਨ ਕੀ ਹੈ ?
ਉ : ਪੰਜ ਭੂਤਾਂ ਵਿਚੋਂ ਇੱਕ ਦੇ ਦੋ ਦੋ ਭਾਗ ਕਰਨ ਨਾਲ ਦਸ ਹੋਏ ਜਿਨਾਂ ਵਿਚੋਂ ਪਹਿਲੇ 5 ਭਾਗ ਰਹਿਣ ਦਿਓ ਅਤੇ ਦੂਜੇ ਪੰਜ ਭਾਗਾਂ ਦੇ ਇੱਕ ਇੱਕ ਦੇ ਚਾਰ ਚਾਰ ਭਾਗ ਕੀਤੇ ਇਸ ਤਰਾਂ ਚਾਰ ਚਾਰ ਭਾਗ ਅਕਾਸ ਆਦਿ ਭੂਤਨ ਦਾ ਆਪ ਆਪਕਾ ਜੋ ਅੱਧਾ ਔਧਾ ਮੁੱਖ ਭਾਗ ਰਹਿਣ ਦਿੱਤਾ, ਤਿਸ ਵਿਚ ਨਾਂ ਮਿਲਾਕੇ, ਆਪ, ਆਪ ਤੋਂ



Scanned by CamScanner

ਵੱਖ 4 ਭੂਤਨ ਦੇ ਅੱਧੇ ਅੱਧੇ ਭਾਗ ਵਿਚ ਮਿਲੇ ਉਨ੍ਹਾਂ ਨੂੰ ਪੰਚੀਕ੍ਰਿਤ ਕਹਿੰਦੇ ਹਨ

ਪ੍ਰ:- 45 ਪੰਚ ਭੂਤਾਂ ਦਾ ਪ੍ਰਸਪਰ ਮਿਲਾਪ ਕਿਸ ਤਰਾਂ ਹੈ ?

ਉ ਦ੍ਰਿਸਟਾਂਤ- ਜਿਸ ਤਰਾਂ ਪੰਚ ਮਿੱਤਰ ਕੇਲਾ ਆਦਿ ਇਕੱਠੇ ਖਾਣ ਲੱਗਣ ਤਾਂ ਸਾਰੇ ਅਪਣੇ ਅਪਣੇ ਫਲ ਦੇ ਦੋ ਦੋ ਭਾਗ ਕਰਕੇ ਅੱਧਾ ਅੱਧਾ ਭਾਗ ਅਪਣੇ ਵਾਸਤੇ ਰੱਖਣ, ਬਾਕੀ ਬਚੇ ਅੱਧੇ ਭਾਗ ਵਿਚੋਂ 4-4 ਭਾਗ ਕਰਕੇ ਚਾਰ ਮਿੱਤਰਾਂ ਨੂੰ ਵੰਡ ਦੇਣ ਤਾਂ ਪੰਚ ਫਲਾਂ ਦਾ ਪ੍ਰਸਪਰ ਮਿਲਾਪ ਹੁੰਦਾ ਹੈ ।ਸਿਧਾਂਤ --ਅਕਾਸ ਦੇ ਦੋ ਭਾਗ ਕੀਤੇ ਓਨਾਂ ਵਿਚੋਂ ਇੱਕ ਰਹਿਣ ਦਿੱਤਾ ਦੂਜੇ ਭਾਗ ਦੇ 4 ਭਾਗ ਕੀਤੇ ਉਨਾਂ ਵਿਚੋਂ ਅਕਾਸ ਵਿਚ ਨਾਂ ਮਿਲੇ, ਇੱਕ ਹਵਾ ਵਿਖੇ ਮਿਲੇ ਦੂਜਾ ਅਗਨੀ ਵਿਖੇ ਮਿਲੇ, ਤੀਜਾ ਜਲ ਵਿਖੇ, ਚੌਥਾ ਧਰਤੀ ਵਿਖੇ ਮਿਲੇ ਇਸ ਤਰਾਂ ਹਵਾ ਦੇ ਦੋ ਭਾਗ ਕੀਤੇ ਓਨਾਂ ਵਿਚੋ ਇੱਕ ਭਾਗ ਰਹਿਣ ਦਿੱਤਾ ਅਤੇ ਦੂਸਰੇ ਭਾਗ ਦੇ 4 ਭਾਗ ਕੀਤੇ, ਇੱਕ ਅਕਾਸ ਵਿਚ ਮਿਲੇ ਦੂਜਾ ਅਗਨੀ ਵਿਖੇ ,ਤੀਜਾ ਜਲ ਵਿਖੇ, ਚੌਥਾ ਧਰਤੀ ਵਿਖੇ । ਇਸੇ ਤਰਾਂ ਹੀ ਅਗਨੀ ਦੇ ਦੋ ਭਾਗ ਕੀਤੇ ਇੱਕ ਭਾਗ ਰਹਿਣ ਦਿੱਤਾ ਅਤੇ ਦੂਜੇ ਭਾਗ ਦੇ 4 ਭਾਗ ਕੀਤੇ ਇੰਨਾਂ ਵਿਚੋਂ ਅਗਨੀ ਵਿਖੇ ਨਾਂ ਮਿਲੇ ਅਤੇ ਇੱਕ ਅਕਾਸ ਵਿਖੇ ਦੂਜਾ ਜਲ ਵਿਖੇ ਤੀਜਾ ਧਰਤੀ ਵਿਖੇ ਚੌਥਾ ਹਵਾ ਵਿਖੇ ਮਿਲੇ ,ਇਸੇ ਤਰਾਂ ਜਲ ਦੇ ਦੋ ਭਾਗ ਕੀਤੇ ਇੱਕ ਭਾਗ ਰਹਿਣ ਦਿੱਤਾ ,ਦੂਜੇ ਭਾਗ ਦੇ 4 ਭਾਗ ਕੀਤੇ ਉਨਾਂ ਵਿਚੋਂ ਜਲ ਵਿਖੇ ਨਾਂ ਮਿਲੇ , ਅਤੇ ਇੱਕ ਭਾਗ ਧਰਤੀ ਵਿਖੇ ਦੂਜਾ ਹਵਾ ਵਿਖੇ ਤੀਜਾ ਅਕਾਸ ਵਿਖੇ ਚੌਥਾ ਅਗਨੀ ਵਿਖੇ ਮਿਲੇ ਇਸੇ ਤਰਾਂ ਹੀ ਧਰਤੀ ਦੇ ਦੋ ਭਾਗ ਕੀਤੇ, ਇਨਾਂ ਵਿਚੋਂ ਧਰਤੀ ਵਿਖੇ ਨਾਂ ਮਿਲੇ ,ਅਤੇ ਇੱਕ ਭਾਗ ਜਲ ਵਿਖੇ ਦੂਜਾ ਅਗਨੀ ਵਿਖੇ ਤੀਜਾ ਅਕਾਸ ਵਿਖੇ ਚੌਥਾ ਹਵਾ ਵਿਖੇ ਮਿਲੇ , ਇਸ ਤਰਾਂ ਪੰਚੀਸ਼ ਤੱਤਵ ਹੋਕੇ ਪੰਚ ਮਹਾਂ ਭੂਤਨ ਦਾ ਪ੍ਰਸਪਰ ਮਿਲਾਪ ਹੈ

ਪੰਜ ਮਹਾਂ ਭੂਤਾਂ ਦੇ ਪੰਚੀਸ ਤੱਤ ਕਿਸ ਤਰਾਂ ਹੋਏ ?

ਪ੍ਰ: 4 ਸਾਰੇ ਭੂਤਾਂ ਦਾ ਅਪਣਾਂ ਇੱਕ ਇੱਕ ਮੁੱਖ ਭਾਗ ਹੈ, ਅਤੇ ਅਮੁੱਖ

ਉਤਰ ਚਾਰ ਭਾਗ ਦੂਸਰੇ ਭੂਤਾਂ ਦੇ ਮਿਲੇ ਹੋਏ ਹਨ ਇਸ ਤਰਾਂ ਇੱਕ ਇੱਕ ਭੂਤ ਦੇ 5-5 ਤੱਤ ਹੋਏ ਅਤੇ ਸਾਰੇ ਮਿਲਕੇ 25 ਤੱਤ ਹੋਏ ।

ਸਥੂਲ ਦੇਹ ਵਿਚ ਇਹ ਪੰਚੀ ਤੱਤ ਕਿਸਤਰਾਂ ਰਹਿੰਦੇ ਹਨ ?

ਅਕਾਸ ਦੇ ਪੰਜ ਤੱਤ—; ਸੋਕ, ਕਾਮ, ਕ੍ਰੋਧ, ਡਰ, ਮੋਹ, ਇੰਨਾਂ ਵਿਚੋ ਸੋਕ (ਦੁੱਖ) ਅਕਾਸ ਦਾ ਮੁੱਖ ਭਾਗ ਹੈ । ਜਦੋਂ ਸ਼ੋਕ ਓਤਪੰਨ ਹੁੰਦਾ ਹੈ ਤਾਂ ਸਰੀਰ ਸੁੰਨ ਹੋ ਜਾਂਦਾ ਹੈ, ਅਤੇ ਅਕਾਸ ਵੀ ਸੁੰਨ ਜੈਸਾ ਹੈ ਇਸ ਲਈ ਇਹ ਅਕਾਸ ਦਾ ਮੁੱਖ ਭਾਗ ਹੈ । ਕਾਮ : ਅਕਾਸ ਵਿਖੇ ਹਵਾ ਦਾ ਭਾਗ ਮਿਲਿਆ ਹੈ



Scanned by CamScanner

ਕਿਉਕਿ ਕਾਮਨਾਂ ਰੂਪ ਵਿਰਤੀ ਚੰਚਲ ਹੈ ਅਤੇ ਹਵਾ ਵੀ ਚੰਚਲ ਹੈ ਇਸ ਲਈ ਇਹ ਹਵਾ ਦਾ ਭਾਗ ਹੈ. । **ਕ੍ਰੋਧ** :- ਅਕਾਸ ਵਿਖੇ ਅਗਨੀ ਦਾ ਭਾਗ ਮਿਲਿਆ ਹੈ ਜਦੋਂ ਕ੍ਰੋਧ ਆਉਂਦਾ ਹੈ ਤਾਂ ਸਰੀਰ ਤੱਪ ਜਾਂਦਾ ਹੈ ਅਤੇ ਅਗਨੀ ਵੀ ਤੱਪਦੀ ਹੈ ਇਸ ਲਈ ਇਹ ਤੇਜ ਦਾ ਭਾਗ ਹੈ ।ਮੋਹ—ਅਕਾਸ ਵਿਖੇ ਜਲ ਦਾ ਭਾਗ ਮਿਲਿਆ ਹੈ ਜਦੋਂ ਕਿ ਮੋਹ ਪੁੱਤਰ ਆਦਿ ਵਿਚ ਫੈਲਦਾ ਹੈ ਅਤੇ ਜਲ ਦੀ ਬੂੰਦ ਵੀ ਫੈਲਦੀ ਹੈ ਇਸ ਲਈ ਇਹ ਜਲ ਦਾ ਭਾਗ ਹੈ ।**ਡਰ** :- ਅਕਾਸ ਵਿਖੇ ਧਰਤੀ ਦਾ ਭਾਗ ਮਿਲਿਆ ਹੈ ਕਿਉਂਕਿ ਜਦੋਂ ਡਰ ਹੁੰਦਾ ਹੈ ਤਾਂ ਸਰੀਰ ਕ੍ਰਿਆ ਰਹਿਤ ਹੋ ਜਾਂਦਾ ਹੈ ਅਤੇ ਪ੍ਰਿਥਵੀ ਵੀ ਜੜ ਸਭਾ ਵਾਲੀ ਹੈ ਇਸ ਲਈ ਡਰ ਧਰਤੀ ਦਾ ਭਾਗ ਹੈ ।

**ਹਵਾ ਦੇ ਪੰਜ ਤੱਤ**::- ਪ੍ਰਸਾਰਣ, ਧਵਨ, (ਦੌੜਨਾਂ) ਵਲਨ (ਮੁੜਨਾਂ) ਚਲਨ, ਅਕੁੰਚਨ (ਸੁਗੜਨਾਂ) । ਪ੍ਰਸਾਰਣ::- ਹਵਾ ਵਿਖੇ ਅਕਾਸ ਦਾ ਭਾਗ ਮਿਲਿਆ ਹੈ ਪ੍ਰਸਾਰਣ ਨਾਮ ਪਸਰਨ ਦਾ ਹੈ, ਅਕਾਸ ਵੀ ਪਸਰਿਆ ਹੋਇਆ ਹੈ ਇਸ ਲਈ ਇਹ ਅਕਾਸ਼ ਦਾ ਭਾਗ ਹੈ । **ਧਾਵਨ** :- ਦੌੜਨਾਂ - ਹਵਾ ਵੀ ਦੌੜਦੀ ਹੈ ਇਸ ਲਈ ਹਵਾ ਦਾ ਮੁੱਖ ਭਾਗ ਹੈ । ਵਲਨ :- ਮੁੜਨਾਂ - ਹਵਾ ਵਿਚ ਅਗਨੀ ਦਾ ਭਾਗ ਮਿਲਿਆ ਹੈ ਕਿਉਂਕਿ ਵਲਨ ਨਾਮ ਅੰਗ, ਦੇ ਮੁੜਨ ਦਾ ਹੈ ਅਤੇ ਤੇਜ ਦਾ ਪ੍ਰਕਾਸ ਵੀ ਮੁੜਦਾ ਹੈ ਇਸ ਲਈ ਇਹ ਅਗਨੀ ਦਾ ਭਾਗ ਹੈ. । ਚਲਨ :- ਹਵਾ ਵਿਚ ਜਲ ਦਾ ਭਾਗ ਮਿਲਿਆ ਹੈ । ਚਲਨ ਨਾਮ ਚਲਣ ਦਾ ਹੈ ਜਲ ਵੀ ਚਲਦਾ ਹੈ ਇਸ ਲਈ ਇਹ ਜਲ ਦਾ ਭਾਗ ਹੈ । ਅਕੁੰਚਨ :- ਸੁਗੜਨਾਂ- ਹਵਾ ਵਿਖੇ ਪ੍ਰਿਥਵੀ ਦਾ ਭਾਗ ਮਿਲਿਆ ਹੈ, ਅਕੁੰਚਨ ਨਾਮ ਸਕੋਚ ਕਰਨ ਦਾ ਹੈ ਪ੍ਰਿਥਵੀ ਸੁੰਗੜਦੀ ਰਹਿੰਦੀ ਹੈ ਇਸ ਲਈ ਇਹ ਪ੍ਰਿਥਵੀ ਦਾ ਭਾਗ ਹੈ ।

**ਤੇਜ ਦੇ ਪੰਜ ਤੱਤ** :— ਨਿੰਦਰਾ, ਭੁੱਖ, ਪਿਆਸ, ਕਾਂਤੀ, ਆਲਸ । ਨੀਂਦ :- ਇਸ ਵਿਚ ਅਕਾਸ ਦਾ ਭਾਗ ਹੈ ਕਿਉਂਕਿ ਜਦੋਂ ਨੀਂਦ ਆਉਂਦੀ ਹੈ ਤਾਂ ਸਰੀਰ ਸੁਨਯ ਹੋ ਜਾਂਦਾ ਹੈ ਅਕਾਸ ਵੀ ਨਿਰਲੇਪ ਹੈ ਇਸ ਲਈ ਅਕਾਸ ਦਾ ਭਾਗ ਹੈ । **ਤ੍ਰਿਸਨਾਂ** :- ਪਿਆਸ—ਅਗਨੀ ਦੀ ਤਰਾਂ ਹਵਾ ਦਾ ਭਾਗ ਮਿਲਿਆ ਹੋਇਆ ਹੈ ਕਿਉਂਕਿ ਪਿਆਸ ਕੰਠ ਦਾ ਸ਼ੋਸਣ ਕਰਦੀ ਹੈ ਅਤੇ ਹਵਾ ਵੀ ਗਿਲੇ ਬਸਤਰ ਨੂੰ ਸੁਕਾਉਂਦੀ ਹੈ ਇਸ ਤਰਾਂ ਪਿਆਸ ਹਵਾ ਦਾ ਭਾਗ ਹੈ । **ਭੁੱਖ**;— ਤੇਜ ਦਾ ਮੁੱਖ ਭਾਗ ਹੈ ,ਜਦੋਂ ਭੁੱਖ ਲਗਦੀ ਹੈ ਤਾਂ ਜੋ ਵੀ ਖਾਉ ਉਹ ਹੀ ਹਾਜ਼ਮ ਹੋ ਜਾਂਦਾ ਹੈ ਅਤੇ ਅਗਨੀ ਵਿਚ ਜੋ ਵੀ ਪਾਓ, ਉਹ ਭਸਮ ਹੋ ਜਾਂਦਾ ਹੈ ਇਸ ਲਈ ਤੇਜ ਦਾ ਭਾਗ ਹੈ । **ਕਾਂਤੀ-— ਪ੍ਰਕਾਸ਼**— ਅਗਨੀ ਵਿਚ ਜਲ ਦਾ ਭਾਗ ਮਿਲਿਆ ਹੈ ਜਿਸ ਤਰਾਂ ਪ੍ਰਕਾਸ ਧੁੱਪ ਵਿਚ ਘਟਦਾ ਹੈ ਜਲ ਵੀ ਧੁੱਪ ਵਿਚ ਘਟਦਾ ਹੈ ।



Scanned by CamScanner

ਇਸ ਲਈ ਜਲ ਦਾ ਭਾਗ ਹੈ । **ਆਲਸ** :— ਅਗਨੀ ਵਿਖੇ ਧਰਤੀ ਦਾ ਭਾਗ ਮਿਲਿਆ ਹੈ ਕਿਉਕਿ ਜਦੋਂ ਆਲਸ ਆਉਦੀ ਹੈ ਤਾਂ ਸਰੀਰ ਜੜ੍ਹ ਹੋ ਜਾਂਦਾ ਹੈ, ਪ੍ਰਿਥਵੀ ਵੀ ਜੜ੍ਹ ਸਭਾ ਵਾਲੀ ਹੈ ਇਸ ਤਰਾਂ ਪ੍ਰਿਥਵੀ ਦਾ ਭਾਗ ਹੈ। **ਜਲ ਦੇ ਪੰਜ ਤੱਤ** :- ਲਾਰ ਸਵੇਤ, ਮੂਤਰ, ਸ਼ੁਕਰ, ਸੋਣਿਤ । **ਲਾਰ** :- ਜਲ ਵਿਚ ਅਕਾਸ ਦਾ ਭਾਗ ਹੈ ਕਿਉਂਕਿ ਲਾਰ ਉਚੱਾ ਨੀਚਾ ਹੋ ਜਾਂਦਾ ਹੈ ਇਸ ਤਰਾਂ ਅਕਾਸ ਵੀ ਉਚੱਾ ਨੀਚਾ ਹੋ ਜਾਂਦਾ ਹੈ ਇਸ ਲਈ ਲਾਰ ਵੀ ਅਕਾਸ ਦਾ ਭਾਗ ਹੈ । **ਸਵੇਦ (ਪਸੀਨਾਂ)** :- ਜਲ ਵਿਚ ਹਵਾ ਦਾ ਭਾਗ ਮਿਲਿਆ ਹੈ ਕਿਉਕਿ ਪਸੀਨਾਂ ਮੇਹਨਤ ਕਰਨ ਨਾਲ ਆਉਦਾ ਹੈ ਇਸ ਤਰਾਂ ਹਵਾ ਵੀ ਪੱਖਾ ਆਦਿ ਕਰਨ ਨਾਲ ਆਉਦੀ ਹੈ ਇਸ ਲਈ ਇਹ ਹਵਾ ਦਾ ਭਾਗ ਹੈ । **ਮੂਤਰ** :- ਜਲ ਵਿਚ ਅਗਨੀ ਦਾ ਭਾਗ ਮਿਲਿਆ ਹੈ ਕਿਉਂਕਿ ਮੂਤਰ ਗਰਮ ਹੈ ਇਸ ਤਰਾਂ ਤੇਜ ਦਾ ਭਾਗ ਹੈ । **ਸੂਕਰ** ;- (ਵੀਰਜ) ਜਲ ਦਾ ਮੁੱਖ ਭਾਗ ਹੈ ਕਿਉਕਿ ਵੀਰਜ਼ ਚਿੱਟਾ ਹੈ ਅਤੇ ਗਰਭ ਦੇ ਵਾਸਤੇ ਹੈ ਜਲ ਵੀ ਚਿੱਟਾ ਹੈ ਅਤੇ ਬ੍ਰਿਛ ਦੇ ਵਾਸਤੇ ਹੈ, ਇਸ ਲਈ ਜਲ ਦਾ ਮੁੱਖ ਭਾਗ ਹੈ । **ਖੂਨ** ;- ਜਲ ਵਿਚ ਪ੍ਰਿਥਵੀ ਦਾ ਭਾਗ ਮਿਲਿਆ ਹੈ ਕਿਓਂਕਿ ਖੂਨ ਦਾ ਲਾਲ ਵਰਣ ਹੈ ਅਤੇ ਧਰਤੀ ਵੀ ਲਾਲ ਹੈ ਇਸ ਲਈ ਪ੍ਰਿਥਵੀ ਦਾ ਭਾਗ ਹੈ । **ਪ੍ਰਿਥਵੀ ਦੇ ਪੰਜ ਤੱਤ** ;- ਰੋਮ ,ਚਮੜੀ ,ਮਾਸ ,ਹੱਡੀ, । **ਰੋਮ** ;- ਪ੍ਰਿਥਵੀ ਵਿਚ ਅਕਾਸ ਦਾ ਭਾਗ ਮਿਲਿਆ ਹੈ ਕਿਉਂਕਿ ਰੋਮ ਖਾਲੀ ਹੈ ,ਕੱਟਣ ਸਮੇਂ ਦੁੱਖ ਨਹੀਂ ਹੁੰਦਾ ਅਤੇ ਅਕਾਸ ਵੀ ਖਾਲੀ ਹੈ ਅਤੇ ਅਕਾਸ ਦਾ ਭਾਗ ਹੈ । **ਚਮੜੀ**;- ਚਮੜੀ ਵਿਖੇ ਹਵਾ ਦਾ ਭਾਗ ਮਿਲਿਆ ਹੈ ਕਿਓਂਕਿ ਚਮੜੀ ਵਿਖੇ ਠੰਡਾ ਗਰਮ ਕਠੋਰਤਾ ,ਸਪਰਸ ਨਾਲ ਮਲੂਮ ਹੁੰਦੀ ਹੈ ਅਤੇ ਵਾਯੂ ਵੀ ਸਪਰਸ ਗੁਣ ਵਾਲਾ ਹੈ ਇਸ ਤਰਾਂ ਇਹ ਹਵਾ ਦਾ ਭਾਗ ਹੈ । **ਨਾੜੀ** ;- ਧਰਤੀ ਵਿਖੇ ਅਗਨੀ ਦਾ ਭਾਗ ਮਿਲਿਆ ਹੈ ਕਿਓਕਿ ਨਾੜੀ ਵਿਚੋਂ ਗਰਮੀ ਦਾ ਪਤਾ ਲਗਦਾ ਹੈ ਤੇਜ ਵੀ ਗਰਮ ਹੈ ਇਸ ਲਈ ਤੇਜ ਦਾ ਭਾਗ ਹੈ । **ਮਾਸ** ;- ਧਰਤੀ ਵਿਚ ਜਲ ਦਾ ਭਾਗ ਮਿਲਿਆ ਹੈ ਕਿਓਂਕਿ ਮਾਸ ਗਿੱਲਾ ਹੈ ਜਲ ਵੀ ਗਿੱਲਾ ਹੈ ਇਸ ਲਈ ਇਹ ਜਲ ਦਾ ਭਾਗ ਹੈ । **ਹੱਡੀ** ;- ਧਰਤੀ ਦਾ ਮੁੱਖ ਭਾਗ ਹੈ ਕਿਓਂਕਿ ਹੱਡੀ ਸਖਤ ਹੈ ਅਤੇ ਪੀਲੇ ਰੰਗ ਦੀ ਹੈ ਧਰਤੀ ਵੀ ਸਖਤ ਅਤੇ ਕਿਤੇ -ਕਿਤੇ ਪੀਲੀ ਹੈ । ਇਸ ਲਈ ਧਰਤੀ ਦਾ ਮੁੱਖ ਭਾਗ ਹੈ ।ਇਸ ਤਰਾਂ ਸਥੂਲ ਦੇਹ ਵਿਖੇ ਪੱਚੀਸ਼ ਤੱਤ ਰਹਿੰਦੇ ਹਨ ।

ਪ੍ਰ ;- 48 ਪੱਚੀ ਤੱਤਾਂ ਨੂੰ ਜਾਣਨ ਦਾ ਕੀ ਪ੍ਰਯੋਜਨ ਹੈ ?

**ਉੱਤਰ** ;- ਪੱਚੀ ਤੱਤ ਮੈਂ ਨਹੀਂ ,ਮੇਰੇ ਨਹੀ; ਇਹ ਪੱਚੀ ਤੱਤ ਪੰਚ ਮਹਾਂਭੂਤਨ ਕੇ ਹਨ, ਮੈਂ ਇਨਾਂ ਪੱਚੀ ਤੱਤਾਂ ਨੂੰ ਜਾਣਨ ਵਾਲਾ ਇਨਾਂ ਤੱਤਾਂ ਤੋਂ ਅਲੱਗ ਹਾਂ ।



Scanned by CamScanner

ਪ੍ਰ 49 :-ਪੱਚੀ ਤੱਤ ਮੈਂ ਨਹੀਂ ਮੇਰੇ ਨਹੀਂ ਇਹ ਕਿਸ ਤਰਾਂ ਜਾਣੋ ?

ਉੱਤਰ :- **ਅਕਾਸ ਦੇ ਪੰਜ ਤੱਤ** :- ਸੋਕ ( ਦੁੱਖ ) ਹੋਵੇ ਤਾਂ ਮੈਂ ਜਾਣਦਾ ਹਾਂ ਅਤੇ ਦੁੱਖ ਨਾਂ ਹੋਵੇ ਤਾਂ ਵੀ ਮੈਂ ਜਾਣਦਾ ਹਾਂ ਇਸ ਤਰਾਂ ਇਹ ਸ਼ੋਕ ਮੈਂ ਨਹੀਂ, ਮੇਰਾ ਨਹੀਂ, ਇਹ ਸ਼ੋਕ ਅਕਾਸ ਦਾ ਹੈ, ਮੈਂ ਇਸ ਨੂੰ ਜਾਣਨ ਵਾਲਾ ਇਸ ਤੋਂ ਵੱਖਰਾ ਹਾਂ ।

**ਕਾਮ** :- ਕਾਮ ਹੋਵੇ ਤਾਂ ਵੀ ਅਤੇ ਨਾਂ ਹੋਵੇ ਤਾਂ ਵੀ ਮੈਂ ਜਾਣਦਾ ਹਾਂ, ਇਸ ਲਈ ਇਹ ਕਾਮ ਮੈਂ ਨਹੀਂ ਮੇਰਾ ਨਹੀਂ ਇਹ ਅਕਾਸ ਦਾ ਹੈ, ਮੈਂ ਇਸ ਨੂੰ ਜਾਣਨ ਵਾਲਾ ਇਸ ਤੋਂ ਵੱਖ ਹਾਂ । **ਨੋਟ** ;- ਇਸੇ ਤਰਾਂ ਹੀ ਸਾਰੇ ਪੰਚੀਸ ਤੱਤਾਂ ਨੂੰ ਜਾਣਿਆ ਜਾਵੇ ।

**ਵਾਯੂ ਦੇ ਪੰਜ ਤੱਤ** :- ਪ੍ਰਸਾਰਣ, ਧਾਵਨ, ਵਲਨ, ਚਲਨ, ਅਕੁਚਨ, ਇਹ ਮੈਂ ਨਹੀਂ; ਮੇਰੇ ਨਹੀਂ, ਇਹ ਜਦੋਂ ਕ੍ਰਿਆਵਾਨ ਹੋਣ ਤਾਂ ਵੀ ਮੈਂ ਜਾਣਦਾ ਹਾਂ ਅਤੇ ਕ੍ਰਿਆ ਨਾਂ ਕਰਨ ਤਾਂ ਵੀ ਮੈਂ ਜਾਣਦਾ ਹਾਂ ਇਸ ਲਈ ਇਹ ਮੇਰੇ ਨਹੀਂ, ਮੈਂ ਨਹੀਂ; ਮੈਂ ਇਨਾਂ ਨੂੰ ਜਾਣਨ ਵਾਲਾ ਇੰਨਾਂ ਤੋਂ ਵੱਖ ਹਾਂ ਇਹ ਤੱਤ ਹਵਾ ਦੇ ਹਨ ।

**ਤੇਜ ਦੇ ਪੰਜ ਤੱਤ** :- ਨਿਦਰਾ, ਤ੍ਰਿਸ ਸੁੱਧਾ ਕਾਂਤੀ, (ਪ੍ਰਕਾਸ) ਆਲਸ, ਇਨਾਂ ਪੰਜਾਂ ਤੱਤਾਂ : ਦੀ ਕ੍ਰਿਆ ਹੋਵੇ ਜਾਂ ਨਾਂ ਹੋਵੇ ਮੇ ਇਸ ਨੂੰ ਜਾਣਦਾ ਹਾਂ ਇਸ ਲਈ ਇਹ ਤੱਤ ਮੇਰੇ ਨਹੀਂ; ਮੈਂ ਨਹੀਂ; ਮੈਂ ਇਨਾਂ ਤੱਤਾਂ : ਨੂੰ ਜਾਣਨ ਵਾਲਾ ਇਨਾਂ ਤੋਂ ਵੱਖ ਹਾਂ ।

**ਜਲ ਦੇ ਪੰਜ ਤੱਤ** ;- ਲਾਰ, ਸਵੇਦ, ਮੂਤਰ, ਸੂਕਰ, ਸੋਣਿਤ, ਜਦੋਂ ਸਰੀਰ ਵਿਚ ਇਨਾਂ ਦੀ ਕ੍ਰਿਆ ਹੋਵੇ, ਜਾਂ ਨਾਂ ਹੋਵੇ, ਤਾਂ ਮੈਂ ਇਹ ਜਾਣਦਾ ਹਾਂ ਮੈਂ ਇਨਾਂ ਨੂੰ ਜਾਣਨ ਵਾਲਾ ਵੇਖਣ ਵਾਲੇ ਦੀ ਤਰਾਂ ਇਨਾਂ ਤੋਂ ਵੱਖ ਹਾਂ । ਇਸ ਲਈ ਇਹ ਤੱਤ ਮੈਂ ਨਹੀਂ, ਮੇਰੇ ਨਹੀਂ, ਇਸ ਤਰਾਂ ਜਾਣੋ ।

**ਪ੍ਰਿਥਵੀ ਦੇ ਪੰਜ ਤੱਤ** ;- ਰੋਮ ,ਚਮੜੀ, ਨਾੜੀ, ਮਾਸ, ਅਸਥਿ, ਇੰਨਾਂ ਪੰਜਾ ਤੱਤਾਂ ਦਾ ਪ੍ਰਭਾਵ ਹੋਵੇ ਤਾਂ ਵੀ ਮੈਂ ਜਾਣਦਾ ਹਾਂ ,ਇਹ ਤੱਤ ਮੈ ਨਹੀਂ; ਮੇਰੇ ਨਹੀਂ; ਮੈਂ ਇਨਾਂ ਨੂੰ ਜਾਣਨ ਵਾਲਾ ਇੰਨਾਂ ਤੋਂ ਵੱਖ ਹਾਂ ਇਸ ਤਰਾਂ ਜਾਣੋ । ਇਸ ਤਰਾਂ ਇਹ ਪੱਚੀ ਤੱਤ ਮੈਂ ਨਹੀਂ ਮੇਰੇ ਨਹੀਂ ਇਹ ਜਾਣੋ ।

ਪ੍ਰ;- 50:- ਪੱਚੀ ਤੱਤ ਮੈਂ ਨਹੀਂ ,ਮੇਰੇ ਨਹੀਂ, ਇਸ ਤਰਾਂ ਜਾਣਨ ਨਾਲ ਕੀ ਹੁੰਦਾ ਹੈ ?

ਉੱਤਰ :- ਸਥੂਲ ਦੇਹ ਅਤੇ ਇਸਦੇ ਧਰਮ, ਨਾਮ, ਜਾਤ, ਵਰਣ, ਆਸਰਮ, ਸਬੰਧ, ਪ੍ਰੀਮਾਣ, ਅਕਾਸ ਦਾ ਮੁੱਖ ਭਾਗ ਹੈ । ਜਦੋਂ ਸੋਕ ਉਤਪੰਨ ਹੁੰਦਾ ਹੈ ਤਾਂ ਸਰੀਰ ਸੁੰਨ ਹੋ ਜਾਂਦਾ ਹੈ ਅਤੇ ਅਕਾਸ ਵੀ ਸੁੰਨ ਜੈਸਾ ਹੈ ਇਸ ਲਈ ਇਹ ਅਕਾਸ ਦਾ ਮੁੱਖ ਭਾਗ ਹੈ ।

**ਕਾਮ** :- ਅਕਾਸ ਵਿਖੇ ਹਵਾ ਦਾ ਭਾਗ ਮਿਲਿਆ ਹੈ ਕਿਉਂਕਿ ਕਾਮਨਾਂ ਰੂਪ ਵਿਰਤੀ ਚੰਚਲ ਹੈ ਜਨਮ, ਮਰਨ ਆਦਿ ਵੀ ਮੈਂ ਨਹੀਂ ,ਮੇਰੇ ਨਹੀਂ ਇਹ ਨਿਸਚਾ ਹੁੰਦਾ ਹੈ ।

ਪ੍ਰ :- 51 ਨਾਮ ਮੈਂ ਨਹੀਂ ,ਮੇਰਾ ਨਹੀਂ ,ਇਹ ਕਿਸ ਤਰਾਂ ਜਾਣੋ ?

ਉੱਤਰ :- ਜਨਮ ਤੋਂ ਪਹਿਲਾਂ ਨਾਮ ਨਹੀਂ ਸੀ ,ਜਨਮ ਦੇ ਅਨੰਤਰ ਨਾਮ ਕਲਪਿਤ ਹੈ, ਅਤੇ ਸਰੀਰ ਦੇ ਵਖ ਵਖ ਅੰਗਾਂ ਵਿਖੇ ਵਿਚਾਰ ਕਰਨ ਨਾਲ ਨਾਂਮ ਨਹੀਂ ਮਿਲਦਾ । ਇਸ ਲਈ ਇਹ ਨਾਂਮ ਮੈਂ ਨਹੀਂ ਮੇਰਾ ਨਹੀਂ ਇਹ ਨਾਂਮ ਸਥੂਲ ਦੇਹ ਦਾ ਹੈ ।



Scanned by CamScanner

ਪ੍ :- 52 ਜਾਤ ਜੋ ਵਰਣ ਮੇਰੀ ਨਹੀਂ ਇਹ ਕਿਸ ਤਰਾਂ ਜਾਣੇ ?

ਉੱਤਰ :- ਬ੍ਰਹਮਣ ਆਦਿ ਸਥੂਲ ਦੇਹ ਦਾ ਧਰਮ ਹੈ ,ਸੂਕਸਮ ਅਤੇ ਆਤਮਾਂ ਦਾ ਧਰਮ ਨਹੀਂ ਇਸ ਤਰਾਂ ਲਿੰਗ ਦੇਹ ਅਤੇ ਆਤਮਾਂ ਜੋ ਪੂਰਬ ਦੇਹ ਵਿਖੇ ਹੁੰਦਾ ਹੈ, ਓਹ ਹੀ ਵਰਤਮਾਨ ਅਤੇ ਭਾਵੀ ਦੇਹ ਵਿਖੇ ਰਹਿੰਦਾ ਹੈ ਅਤੇ ਜਾਤ, ਜੋ ਪੂਰਬ ਦੇਹ ਵਿਖੇ ਸੀ ਉਹ ਇਸ ਦੇਹ ਵਿਖੇ ਨਹੀਂ ਹੈ ਅਤੇ ਜੋ ਇਸ ਦੇਹ ਵਿਖੇ ਜਾਤ ਹੈ ਉਹ ਭਾਵੀ ਦੇਹ ਵਿਖੇ ਨਹੀਂ ਹੋਵਗੀ, ਇਸ ਤਰਾਂ ਜਾਤ ਸਥੂਲ ਦੇਹ ਦਾ ਹੀ ਧਰਮ ਹੈ, ਲਿੰਗ ਦੇਹ ਅਤੇ ਆਤਮਾਂ ਦਾ ਨਹੀਂ, ਸਰੀਰ ਦੇ ਅੰਗਾਂ ਨੂੰ ਵਿਚਾਰਕੇ ਦੇਖੋ ਤਾਂ ਵਰਤਮਾਨ ਸਰੀਰ ਵਿਚ ਜਾਤ ਮਿਲਦੀ ਨਹੀਂ ਇਸ ਤਰਾਂ ਇਹ ਜਾਤ ਮੈਂ ਨਹੀਂ ਮੇਰੀ ਨਹੀਂ ਇਹ ਜਾਤ ਸਥੂਲ ਦੇਹ ਵਿਖੇ ਹੈ, ਮੈਂ ਇਸ ਜਾਤ ਨੂੰ ਜਾਨਣ ਵਾਲਾ ਵੇਖਣ ਵਾਲੇ ਦੀ ਤਰਾਂ ਇਸ ਤੋਂ ਵੱਖ ਹਾਂ ।

ਪ੍ :- 53 ਆਸਰਮ ਮੈਂ ਨਹੀਂ ਮੇਰਾ ਨਹੀਂ ਇਹ ਕਿਸ ਤਰਾਂ ਜਾਣੇ ?

ਉੱਤਰੁ :- ਬ੍ਰਹਮਚਾਰੀ, ਗ੍ਰਹਸਥ, ਬਾਨਪ੍ਰਸਤ ਅਤੇ ਸਨਿਆਸੀ ਇਹ ਵਖ ਵਖ ਚਾਰ ਆਸਰਮ ,ਅਰੋਪ ਕਰਕੇ ਸਥੂਲ ਦੇਹ ਵਿਖੇ ਮੰਨੇ ਜਾਂਦੇ ਹਨ ।ਇਹ ਮਨੁੱਖ ਵਿਚ ਭਾਸਦੇ ਨਹੀਂ (ਦਿਸਦੇ ਨਹੀਂ) ਇਸ ਲਈ ਇਹ ਆਸਰਮ ਮੈਂ ਨਹੀਂ ਮੇਰੇ ਨਹੀ, ਇਹ ਸਥੂਲ ਦੇਹ ਵਿਖੇ ਅਰੋਪਤ ਹਨ ।ਮੈਂ ਇੰਨਾਂ ਆਸਰਮਾਂ ਨੂੰ ਜਾਣਨ ਵਾਲਾ ,ਵੇਖਣ ਵਾਲੇ ਦੀ ਤਰਾਂ ,ਇਨਾਂ ਤੋਂ ਵੱਖ ਹਾਂ ।

ਪ੍ :- 54 ਵਰਣ (ਰੰਗ ) ਮੈਂ ਨਹੀਂ ਮੇਰੇ ਨਹੀ, ਕਿਵੇ ਜਾਣੇ ?

ਉ :- ਗੋਰਾ, ਕਨਕ ਵੰਨਾਂ ਜਾਂ ਕਾਲਾ ਰੰਗ ਜੋ ਹਨ ਇਹ ਪ੍ਰਤੱਖ ਵਰਤਮਾਨ ਸਰੀਰ ਵਿਚ ਦਿਖਦੇ ਹਨ।ਸਥੂਲ ਦੇਹ ਮੈਂ ਨਹੀ, ਮੇਰੀ ਨਹੀਂ, ਇਸ ਲਈ ਇਹ ਰੰਗ ਵੀ ਮੈਂ ਨਹੀਂ ਮੇਰੇ ਨਹੀਂ ਇਹ ਰੰਗ ਸਥੂਲ ਦੇਹ ਦੇ ਹਨ, ਮੈਂ ਇਨਾਂ ਨੂੰ ਜਾਣਨ ਵਾਲਾ ਦੇਖਣ ਵਾਲੇ ਦੀ ਤਰਾਂ ਇਨਾਂ ਤੋਂ ਵੱਖ ਹਾਂ ।

ਪ੍ :- 55 ਸਬੰਧ ਮੈਂ ਨਹੀਂ ਮੇਰਾ ਨਹੀਂ, ਇਹ ਕਿਸ ਤਰਾਂ ਜਾਣੇ ?

ਉੱਤਰ :- ਪਿਤਾ ਪੁੱਤਰ, ਗੁਰੂ, ਸਿਸ, ਸਵਾਮੀ ਸੇਵਕ ਆਦਿ ਸਬੰਧ ਸਥੂਲ ਦੇਹ ਦੇ ਮਿਥੇ ਹੋਏ ਹਨ ਜੇਕਰ ਵਿਚਾਰ ਕੀਤਾ ਜਾਵੇ ਤਾਂ ਸਬੰਧ ਨਹੀਂ ਮਿਲਦੇ। ਮੈਂ ਸਥੂਲ ਦੇਹ ਤੋਂ ਵੱਖ ਹਾਂ ਇਸ ਲਈ ਇਹ ਸਬੰਧ ਮੈਂ ਨਹੀਂ, ਮੇਰੇ ਨਹੀਂ ਇਹ ਸਥੂਲ ਦੇਹ ਦਾ ਸਬੰਧ ਹੈ ਮੈਂ ਇਸ ਸਬੰਧ ਨੂੰ ਵੇਖਣ ਵਾਲਾ ਇਸ ਤੋਂ ਵੱਖ ਹਾਂ

ਪ੍ :-56 ਪ੍ਰੀਮਾਣ ਜੋ ਅਕਾਰ ਹੈ ਓਹ ਮੈਂ ਨਹੀਂ ਮੇਰਾ ਨਹੀਂ, ਇਹ ਕਿਵੇਂ ਜਾਣੇ ?

ਉੱਤਰ :- ਲੰਬਾ, ਪਤਲਾ, ਮੋਟਾ ਮਧਰਾ ਆਦਿ ਅਕਾਰ ਵੀ ਸਥੂਲ ਦੇਹ ਵਿਖੇ ਦੇਖੇ ਜਾਂਦੇ ਹਨ ਮੈਂ ਸਥੂਲ ਦੇਹ ਤੋ ਵੱਖ ਨਿਰ-ਅਕਾਰ ਹਾਂ ਇਸ ਲਈ ਇਹ ਅਕਾਰ ਮੈਂ ਨਹੀਂ ਮੇਰਾ ਨਹੀਂ, ਮੈ ਇਸ ਨੂੰ ਵੇਖਣ ਵਾਲੇ ਦੀ ਤਰਾਂ ਇਸ ਤੋਂ ਵੱਖ ਹਾਂ ।



Scanned by CamScanner

ਪ੍ਰ :- 57 ਮੈਂ ਜਨਮ ਮਰਣ ਵਾਲਾ ਨਹੀਂ, ਮੇਰਾ ਜਨਮ ਮਰਨ ਨਹੀਂ ਹੁੰਦਾ, ਕਿਵੇ ਜਾਣੇ ?

ਉ :- ਜੇਕਰ ਆਤਮਾਂ ਦਾ ਜਨਮ ਮੰਨੋ ਤਾਂ ਆਤਮਾ ਅਨਿਤ ਹੋਵੇਗਾ, ਇਸ ਲਈ ਆਤਮਾਂ ਅਜਨਮਾਂ ਹੈ । ਇਸ ਵਾਰਤਾ ਨੂੰ ਕਰਮ ਪ੍ਰਧਾਨ ਮੰਨਣ ਵਾਲੇ ਕਹਿੰਦੇ ਹਨ, ਤਿਨਾਂ ਨੂੰ ਇਸਟ ਨਹੀਂ ਇਸ ਲਈ ਜੇਕਰ ਆਤਮਾਂ ਉਤਪਤੀਵਾਨ ਹੋਵੇ ਤਾਂ ਆਤਮਾਂ ਨਾਸਵਾਨ ਵੀ ਹੋਵੇਗਾ । ਇਸ ਲਈ ਪਿਛਲੇ ਜਨਮ ਵਿਚ ਕੀਤੇ ਕਰਮਾਂ ਤੋਂ ਦੁੱਖ ਸੁੱਖ ਨਹੀਂ ਮਿਲੇਗਾ ਅਤੇ ਇਸ ਜਨਮ ਵਿਚ ਕੀਤੇ ਕਰਮਾਂ ਦਾ ਭੋਗ ਤੋਂ ਬਿਨਾਂ ਨਾਸ, ਇਹ ਦੋ ਦੋਸ਼ ਹੋਣਗੇ ।ਕ੍ਰਮਵਾਦੀ ਦੇ ਮੱਤ ਤੋਂ ਜੇਕਰ ਆਤਮਾਂ ਨੂੰ ਕਰਤਾ ਭੋਗਤਾ ਮੰਨੀਏ ਤਾਂ ਵੀ ਜਨਮ ਮਰਣ ਰਹਿਤ ਹੀ ਆਤਮਾਂ ਨੂੰ ਮੰਨਣਾਂ ਹੋਵੇਗਾ ਅਤੇ ਆਤਮਾਂ ਦੇ ਜਨਮ ਦਾ ਕੋਈ ਕਾਰਨ ਵੀ ਸੰਭਵ ਨਹੀਂ ,ਇਸ ਲਈ ਆਤਮਾਂ ਦਾ ਜੇਕਰ ਕਾਰਨ ਹੋਵੇ ਤਾਂ ਆਤਮਾਂ ਤੋਂ ਭਿੰਨ ਹੀ ਚਾਹੀਦਾ ਹੈ, ਆਤਮਾਂ ਤੋਂ ਭਿੰਨ ਤਾਂ ਅਨਾਤਮਾਂ ਨਾਂਮ ਰੂਪ ਹੈ, ਇਹ ਤਾਂ ਆਤਮਾਂ ਵਿਖੇ ਰੱਸੀ ਦੇ ਸੱਪ ਦੀ ਤਰਾਂ ਝੂਠਾ ਹੈ, ਇਸ ਲਈ ਕਾਰਨ ਨਹੀਂ ਬਣਦਾ ਅਤੇ ਬ੍ਰਹਮ ਤਾਂ ਘਟਾਕਾਸ (ਘੜੇ ਦੇ ਅੰਦਰਲਾ ਭਾਗ) ਕੇ ਸਵਰੂਪ ਮਹਾਂਕਾਸ ਦੀ ਤਰਾਂ ਆਤਮਾਂ ਦਾ ਹੀ ਸਵਰੂਪ ਹੈ । ਇਸ ਤੋਂ ਭਿੰਨ ਨਹੀਂ, ਤਾਂ ਉਹ ਕਾਰਨ ਨਹੀਂ ਬਣਦਾ । ਇਸ ਲਈ ਆਤਮਾਂ ਦਾ ਜਨਮ ਨਹੀਂ, ਅਤੇ ਜੇਕਰ ਜਨਮ ਨਹੀਂ, ਤਾਂ ਮਰਨ ਨਹੀਂ ਅਤੇ ਜੇਕਰ ਆਤਮਾਂ ਵਿਖੇ ਜਨਮ ਮਰਣ ਦਾ ਅਭਾਵ (ਭਾਂਵ ਤੋਂ ਬਿਨਾਂ) ਹੈ ਤਾਂ ਜਨਮ ਪ੍ਰਗਟਾਵਾ ਵਰਿਧੀ ( ਵੱਡਾ ਹੋਣਾ) ਵਿਪਰੀਣਾਮ, ਅਪਕਸਅ, ਮਰਨ, ਇੰਨਾਂ 6 ਵਿਕਾਰਾਂ ਤੋ ਵੀ ਆਤਮਾਂ ਰਹਿਤ ਹੈ । ਇਸ ਲਈ ਮੈਂ ਜਨਮ ਮਰਨਵਾਨ ਨਹੀਂ ਅਤੇ ਮੇਰਾ ਜਨਮ ਮਰਨ ਨਹੀਂ ਹੁੰਦਾ, ਇਹ ਜਨਮ ਮਰਨ ਸਥੂਲ ਦੇਹ ਦੇ ਕਰਮ ਤੋਂ ਹੁੰਦਾ ਹੈ ਮੈਂ ਇਸ ਜਨਮ ਮਰਨ ਦਾ ਜਾਨਣ ਵਾਲਾ, ਵੇਖਣ ਵਾਲੇ ਦੀ ਤਰਾਂ ਵੱਖ ਹਾਂ ।

ਪ੍ਰ :-58 ਪੰਚ ਮਹਾਂਭੂਤਾਂ ਦੀ ਨਵਿਰਤੀ ਸਬੰਧੀ ਦ੍ਰਿਸਟਾਂਤ ਕੀ ਹੈ ?

ਉ :- ਜਿਵੇਂ ਕਿਸੇ ਨੂੰ ਭੂਤ ਲੱਗਾ ਹੋਵੇ ਤਾਂ ਭੂਤ ਕੱਢਣ ਵਾਲੇ ਨੂੰ ਬੁਲਾਕੇ, ਡਮਰੂ ਵਜਾਕੇ ਕੋਈ ਪੰਜ ਚੀਜਾਂ, ਉਨਾਂ ਦਾ ਬਲੀਦਾਨ ਦੇਕੇ ਭੂਤ ਦੀ ਨਵਿਰਤੀ ਕਰੇ ।

**ਸਿਧਾਂਤ ;-** ਜਿਸ ਤਰਾਂ ਅਕਾਸ ਆਦਿ, ਪੰਚਮਹਾਂਭੂਤ ਸਰੀਰ ਰੂਪ ਹੋਕੇ ਜੀਵ ਨੂੰ ਲੱਗੇ ਹਨ । ਇਨਾਂ ਦੀ ਨਵਿਰਤੀ ਵਾਸਤੇ ਬ੍ਰਹਮਨਿਸਠ ਗੁਰੂ, ਦੀ ਵਿਧੀਪੂਰਵਕ ਸ਼ਰਨ ਵਿਚ ਜਾਕੇ, ਵੇਦ ਸਾਸਤਰ ਰੂਪੀ ਡਮਰੂ ਵਜਾਕੇ ,ਉਪਰ ਦੱਸੇ 25 ਤੱਤਾਂ ਵਿਚੋਂ, ਪੰਜ ਪੰਜ ਤਤਵ ਰੂਪ ਬਲੀਦਾਨ, ਇੱਕ -ਇੱਕ ਭੂਤ ਨੂੰ ਆਪ ਅਪਣਾਂ ਭਾਗ ਅਰਪਣ ਕਰਕੇ ਮੈਂ ਇੰਨਾਂ 25 ਤੱਤਾਂ ਦਾ ਵੇਖਣ ਵਾਲਾ ਹਾਂ । ਇਸ ਰੀਤੀ ਨਾਲ ਨਿਸਚਾ ਕਰਨ ਨਾਲ 5 ਮਹਾਂਭੂਤਾਂ ਦੀ ਅਤਿਅੰਤ ਨਵਿਰਤੀ ਹੁੰਦੀ ਹੈ ।ਇਸ ਤਰਾਂ ਮੈਂ ਸਥੂਲ ਦੇਹ ਨੂੰ ਵੇਖਣ ਵਾਲਾ ਹਾਂ, ਸੂਕਸਮ ਦੇਹ ਨੂੰ ਵੇਖਣ ਵਾਲਾ ਹਾਂ ।



Scanned by CamScanner

ਪ੍ਰ:- 59 ਸੂਕਸ਼ਮ ਦੇਹ ਕੀ ਹੈ ?

ਉ :- ਅਪੰਚੀਕ੍ਰਿਤ ਪੰਚਮਹਾਂਭੂਤਾਂ ਦੇ 17 ਤੱਤਾਂ ਦਾ ਸੂਕਸ਼ਮ ਦੇਹ ਹੈ ।

ਪ੍ਰ :- 60 ਸੂਕਸ਼ਮ ਦੇਹ ਦੇ 17 ਤੱਤ ਕੇਹੜੇ ਹਨ ?

ਉ :- ਪੰਜ ਗਿਆਨ ਇੰਦ੍ਰੇ , ਪੰਜ ਕ੍ਰਮ ਇੰਦਰੇ ,ਪੰਜ ਪ੍ਰਾਣ , ਮਨ, ਬੁੱਧੀ ਇਹ 17 ਤੱਤ ਹਨ ।

ਪ :- 61 ਪੰਜ ਗਿਆਨ ਇੰਦਰੇ ਕੇਹੜੇ ਹਨ ?

ਉ ;- ਕੰਨ, ਚਮੜੀ ,ਅੱਖਾਂ ,ਜੀਭ ,ਅਤੇ ਘਰਾਣ (ਨੱਕ )

ਪ:- 62 ਪੰਜ ਕ੍ਰਮ ਇੰਦਰੇ ਕੇਹੜੇ ਹਨ ?

ਉ:- ਜੀਭ ,ਹੱਥ ,ਪੈਰ ,ਗੁਦਾ ,ਉਪਸਥ (ਗੁਪਤ ਇੰਦਰੀ )

ਪ੍ਰ:- 63 ਪੰਜ ਪ੍ਰਾਣ ਕੇਹੜੇ ਹਨ ?

ਉ:- ਪ੍ਰਾਣ, ਅਪਾਨ (ਸਾਹ ਬਾਹਰ ਨਿਕਲਨਾਂ) ਸਮਾਨ (ਪੂਰੇ ਸਰੀਰ ਵਿਚ ਵਿਆਪਕ ਹੋਣਾਂ) ਉਦਾਨ,(ਅੰਨ ਪਚਾਉਣ ਦੀ ਕ੍ਰਿਆ ) ਵਿਆਨ (ਅੰਦਰ ਸਪਲਾਈ ਕਰਨਾਂ )

ਪ੍ਰ:- 64 ਮਨ ਕੀ ਹੈ ?

ਉ :- ਸੰਕਲਪ ,ਵਿਕਲਪ ਜੋ ਵਿਰਤੀ ਹੈ, ਉਹ ਮਨ ਹੈ ।

ਪ੍ਰ:- 65 ਬੁੱਧੀ ਕਿਸਨੂੰ ਕਹਿੰਦੇ ਹਨ ?

ਉ :- ਨਿਸਚਾ ਰੂਪ ਜੋ ਵਿਰਤੀ ਹੈ ,ਇਸ ਨੂੰ ਬੁੱਧੀ ਕਹਿੰਦੇ ਹਨ ,

ਪ੍ਰ:- 66 ਅਪੰਚੀਕ੍ਰਿਤ ਪੰਜ ਮਹਾਂਭੂਤ ਕੇਹੜੇ ਹਨ ?

ਉ :- ਜਿਨਾਂ ਭੂਤਾਂ ਦਾ ਪਹਿਲਾਂ ਪੰਚੀਕਰਨ ਨਾਂ ਹੋਇਆ ਹੋਵੇ ਉਨਾਂ ਨੂੰ ਅਪੰਚੀਕ੍ਰਿਤ ਮਹਾਂਭੂਤ ਕਹਿੰਦੇ ਹਨ, ਇੰਨਾਂ ਨੂੰ ਹੀ ਸੂਕਸ਼ਮ ਮਹਾਂਭੂਤ ਕਿਹਾ ਹੈ, ਤਿੰਨ੍ਹਾਂ ਨੂੰ ਹੀ ਤਨਮਾਤਰ ( ਪੰਚ ਮਹਾਂਭੂਤਾਂ ਦਾ ਬੀਜ ) ਵੀ ਕਿਹਾ ਹੈ ।

ਪ੍ਰ:-67 ਅਪੰਚੀਕ੍ਰਿਤ ਪੰਚਮਹਾਂਭੂਤਾਂ ਦੇ ਸਤਾਰਾਂ ਤੱਤ ਕੇਹੜੇ ਹਨ ?

ਉ:- 5 ਗਿਆਨ ਇੰਦਰੀਆਂ ਅਤੇ ਪੰਚ ਕਰਮ ਇੰਦਰੀਆਂ ਵਿਖੇ ;- ਅਕਾਸ ਦੇ ਸਤੋਗੁਣ ਦਾ ਭਾਗ ਸਰੋਤਰ ਹੈ, ਅਕਾਸ ਦੇ ਰਜੋਗੁਣ ਦਾ ਭਾਗ ਵਾਕੂ ਹੈ, ਸਰੋਤਰ ਇੰਦਰੀ ਸਬਦ ਨੂੰ ਸੁਣਦੀ ਹੈ, ਵਾਕੂ ਇੰਦਰੀ ਬੋਲਦੀ ਹੈ, ਸਰੋਤ ਗਿਆਨ ਇੰਦਰੀ ਹੈ ,ਵਾਕੂ ਕਰਮ ਇੰਦਰੀ ਹੈ, ਇੰਨਾਂ ਦੋਹਾਂ ਦੀ ਮਿਤਰਤਾ ਹੈ । ਹਵਾ ਦੇ ਸਤੋਗੁਣ ਦਾ ਭਾਗ ;- ਤਵਚਾ ਹੈ ,ਅਤੇ ਹਵਾ ਦੇ ਰਜੋਗੁਣ ਦਾ ਭਾਗ ਪਾਣਿ (ਹੱਥ) ਹੈ, ਚਮੜੀ ਗਿਆਨ ਇੰਦਰੀ ਸਪਰਸ ਨੂੰ ਗ੍ਰਹਿਣ ਕਰਦੀ ਹੈ ਅਤੇ ਦਸਤ ਇੰਦਰੀ (ਹੱਥ) ਇਸ ਦਾ ਨਿਰਵਾਹ ਕਰਦੀ ਹੈ, ਤਵਚਾ ਗਿਆਨ ਇੰਦਰੀ ਹੈ, ਦਸਤ ਕ੍ਰਮ ਇੰਦਰੀ ਹੈ ,ਇਨਾਂ ਦੋਹਾਂ ਦੀ ਮਿਤਰਤਾ ਹੈ । ਤੇਜ :- (ਅਗਨੀ) ਦੇ ਸਤੋਗੁਣ ਦਾ ਭਾਗ ਚਕਸ਼ੂ (ਅੱਖ) ਹੈ, ਰਜੋਗੁਣ ਦਾ ਭਾਗ ਪਾਦ (ਪੈਰ) ਹੈ, ਅੱਖ ਇੰਦਰੀ ਰੂਪ ਨੂੰ ਗ੍ਰਹਿਣ ਕਰਦੀ ਹੈ ਅਤੇ ਪੈਰ ਉਥੇ ਜਾਂਦੇ ਹਨ ,ਅੱਖ ਗਿਆਨ ਇੰਦਰੀ ਅਤੇ ਪੈਰ ਕਰਮ ਇੰਦਰੀ ਹੈ, ਦੋਹਾਂ ਦੀ ਮਿਤਰਤਾ ਹ



Scanned by CamScanner

ਜਲ ;- ਦੇ ਸਤੋਗੁਣ ਦਾ ਭਾਗ ਜੀਭ ਹੈ, ਰਜੋਗੁਣ ਦਾ ਭਾਗ ਉਪਸਥ (ਗੁਪਤ) ਇੰਦਰੀ ਹੈ, ਜੀਭ ਰਸ ਨੂੰ ਗਹ੍ਿਣ ਕਰਦੀ ਹੈ ਅਤੇ ਉਪਸਥ ਰਸ ਦਾ ਤਿਆਗ ਕਰਦੀ ਹੈ ,ਜੀਭ ;-ਗਿਆਨ ਇੰਦਰੀ ਅਤੇ ਉਪਸਥ ਕਰਮ ਇੰਦਰੀ ਹੈ ,ਇੰਨਾਂ ਦੋਹਾਂ ਦੀ ਮਿੱਤਰਤਾ ਹੈ । ਧਰਤੀ;- ਦੇ ਸਤੋਗੁਣ ਦਾ ਭਾਗ ਘਰਾਣ (ਨੱਕ ) ਹੈ ,ਨੱਕ ਗੰਦ ਨੂੰ ਗਹ੍ਿਣ ਕਰਦਾ ਹੈ ਅਤੇ ਗੁਦਾ ਗੰਦ ਦਾ ਤਿਆਗ ਕਰਦੀ ਹੈ ,ਨੱਕ ਗਿਆਨ ਇੰਦਰੀ ਹੈ ਅਤੇ ਗੁਦਾ ਕਰਮ ਇੰਦਰੀ ਹੈ ,ਦੋਹਾਂ ਦੀ ਮਿੱਤਰਤਾ ਹੈ । ਪੰਜ ਪ੍ਰਾਣ ,ਮਨ ,ਬੁੱਧੀ ਵਿਖੇ ,ਇਨਾਂ ਪੰਜਾਂ ਤੱਤਾਂ ਦੇ ਰਜੋਗੁਣ ਦੇ ਭਾਗ ਮਿਲਕੇ ਪੰਜ ਪ੍ਰਾਂਣ ਬਣਦੇ ਹਨ ਅਤੇ ਸਤੋਗੁਣ ਦੇ ਪੰਜ ਭਾਗ ਮਿਲਕੇ ਅੰਤਹਕਰਣ ਬਣਦਾ ਹੈ ,ਇਹ ਅੰਤਹਕਰਨ ਹੀ ਮਨ ਅਤੇ ਬੁੱਧੀ ਰੂਪ ਹੈ । ਇਥੇ ਚਿੱਤ ਅਤੇ ਹੰਕਾਰ ਦਾ ਮਨ ਅਤੇ ਬੁੱਧੀ ਸਬੰਧੀ ਅੰਤਰ ਭਾਵ ਹੈ ,ਇਸੇ ਤਰਾਂ ਅਪੰਚੀਕ੍ਰਿਤ ਪੰਚ ਮਹਾਂਭੂਤਾਂ ਦੇ ਕਰਮ 17 ਤੱਤ ਜਾਣੇ ਜਾਂਦੇ ਹਨ ।

ਪ੍ਰ ;- 68 ਸਤਾਰਾਂ ਤੱਤਾਂ ਨੂੰ ਸਮਝਣ ਦਾ ਫਲ ਕੀ ਹੈ ?

ਉ ;- ਇਹ ਸਤਾਰਾਂ ਤੱਤ ਮੈਂ ਨਹੀਂ ਮੇਰੇ ਨਹੀਂ, ਇਹ ਅਪੰਚੀਕ੍ਰਿਤ ਪੰਚ ਮਹਾਂ ਭੂਤਾਂ ਦੇ ਹਨ, ਇਹ ਫਲ ਹੈ ।

ਪ੍ਰ;- 69 ਇਹ ਸਤਾਰਾਂ ਤੱਤ ਮੈਂ ਨਹੀਂ ਮੇਰੇ ਨਹੀਂ, ਇਹ ਕਿਸ ਕਾਰਨ ਕਰਕੇ ਜਾਣੋਂ ?

ਉ ;- ਮੈਂ ਇਨਾਂ 17 ਤੱਤਾਂ ਨੂੰ ਜਾਣਨ ਵਾਲਾ ਹਾਂ, ਜੋ ਜਿਸ ਨੂੰ ਜਾਣਦਾ ਹੈ ਉਹ ਉਸਤੋਂ ਵੱਖ ਹੁੰਦਾ ਹੈ ਇਹ ਨਿਯਮ ਹੈ ਇਸ ਲਈ 17 ਤੱਤ ਮੈਂ ਨਹੀਂ ਮੇਰੇ ਨਹੀਂ, ਇਹ ਜਾਣੋ

ਪ੍ਰ;- 70 ਇਸ ਦਾ ਦ੍ਰਿਸਟਾਂਤ ਕਿਸ ਤਰਾਂ ਸਮਝੋ ?

ਉ :- ਨ੍ਰਿਤਯਸਾਲਾ (ਨੱਚਣ ਵਾਲਾ ਕਮਰਾ) ਵਿੱਚ ਦੀਵਾ, ਰਾਜਾ, ਪ੍ਰਧਾਨ ਅਨੁਚਰ (ਸੇਵਕ) ਨਾਇਕਾ, ਸਾਜਾਂ ਵਾਲੇ ਅਤੇ ਹੋਰ ਬੈਠਣ ਤਾਂ ਕਮਰੇ ਵਿਚ ਚਾਨਣ ਹੈ, ਜਦੋਂ ਸਾਰੇ ਉਠ ਜਾਣ ਤ੍ਹਾਂ ਵੀ ਕਮਰੇ ਵਿਚ ਰੌਸਨੀ ਹੈ । **ਸਿਧਾਂਤ** ;- ਸਥੂਲ ਦੇਹ ਨੱਚਣ ਦਾ ਕਮਰਾ ਹੈ । ਸਾਕਸੀ ਰੂਪ ਜੋ ਮੈਂ (ਆਤਮਾਂ) ਹਾਂ ਸੋ ਦੀਪਕ ਹੈ ਇਹ ਚਿਦਾਭਾਸ **(ਚਿੱਤ ਵਿਚ ਕਲਪਨਾਂ ਮਹਿਸੂਸ ਹੋਣਾਂ)** ਰਾਜਾ ਅਤੇ ਮਨ ਰੂਪ ਪ੍ਰਧਾਨ, ਪੰਜ ਪ੍ਰਾਣ ਮਨ ਅਨੁਚਰ, ਬੁੱਧੀ ਨਾਇਕਾ ਅਤੇ ਇੰਦਰੀਆਂ ਸਾਜੀ ਹਨ, ਸਬਦ ਆਦਿ ਪੰਜ ਵਿਸੇ ਰੂਪ ਲੋਕ, ਇਹ ਜਾਗਦੇ ਸਮੇਂ ਹੋਣ ਤਾਂ ਮੈਂ ਇੰਨਾਂ ਨੂੰ ਪ੍ਰਕਾਸ਼ ਦਿੰਦਾ ਹਾਂ, ਜੇ ਸੁਪਨਾਂ ਹੋਵੇ ਤਾਂ ਵੀ ਪ੍ਰਕਾਸ ਦਿੰਦਾਂ ਹਾਂ ਇਸ ਤਰਾਂ ਉਕਤ ਦ੍ਰਿਸਟਾਂਤ ਸਮਝੋ ?

ਪ੍ਰ;- 71 ਇਹ ਕਿਸ ਤਰਾਂ ਸਮਝੋ ?

ਉ ;- ਜਾਗਦੀ ਅਵਸਥਾ ਵਿਚ ਇੰਦਰੀ ਅਤੇ ਅੰਹਤਕਰਨ ,ਦੋਨਾਂ ਦੀ ਸਹਾਇਤਾ ਨਾਲ ਮੈਂ ਪ੍ਰਕਾਸ ਦਿੰਦਾ ਹਾਂ, ਭਾਵ ਜਾਣਦਾ ਹਾਂ, ਅਤੇ ਸੁਪਨੇ ਵਿਚ ਇੰਦਰੀਆਂ ਤੋਂ ਬਿਨਾਂ ਕੇਵੀਲ ਅੰਤਹਕਰਨ ਦੀ ਸਹਾਇਤਾ ਨਾਲ ਮੈਂ ਪ੍ਰਕਾਸ ਦਿੰਦਾ ਹਾਂ ਅਤੇ



Scanned by CamScanner

ਸੁਤੀ ਹੋਈ ਅਵਸਥਾ ਵਿਚ ਇੰਦਰੀ ਅਤੇ ਅੰਤਹਕਰਨ ਦੋਨਾਂ ਤੋਂ ਬਿਨਾਂ ਕੇਵਲ ਮੈਂ ਹੀ ਪ੍ਰਕਾਸ ਦਿੰਦਾ ਹਾਂ ।

ਪ੍ਰ:-72 ਇਸ ਸਬੰਧੀ ਹੋਰ ਦ੍ਰਿਸਟਾਂਤ ?

ਉ ;- ਜਿਸ ਤਰਾਂ ਪੰਜ ਛੇਦਾਂ ਵਾਲੇ ਘੜੇ ਅੰਦਰ ਤੇਲ ਅਤੇ ਬੱਤੀ ਸਮੇਤ ਦੀਵਾ ਜਗਦਾ ਹੈ । ਪਾਤਰ (ਦੀਵਾ ਰੱਖਣ ਦਾ ਸਥਾਨ ) ਤੇਲ, ਬੱਤੀ ਘੜੇ ਦੇ ਅੰਦਰ ਅਤੇ ਗਲੀਆਂ ਵਿਚੋਂ ਪ੍ਰਕਾਸ ਬਾਹਰ ਗਲੀਆਂ ਦੇ ਸਾਹਮਣੇ ਲਾਇਨ ਵਿਚ ਰੱਖੀਆਂ ,ਵੀਣਾਂ, ਗੁਲਦਸਤਾ, ਮਣੀ, ਅਤੇ ਕੋਈ ਵੀ ਰਸ, ਪੱਥਰ ਦੀ ਸੀਸੀ ,ਆਦਿ ਨੂੰ ਗਲੀਆਂ ਦੇ ਰਸਤੇ ਪ੍ਰਕਾਸਦਾ ਹੈ।ਇਸ ਤਰਾਂ ਸੂਰਜ ਸਾਰੇ ਬ੍ਰਹਿਮੰਡ ਨੂੰ ਪ੍ਰਕਾਸ ਦਿੰਦਾ ਹੈ ਅਤੇ ਮਹਾਂ ਈਸਵਰ ਤੇਜ ਵਾਲਾ ਸਮਾਨ ਅੰਤਰ ਸਾਰੇ ਜਗਾ ਹੈ

**ਸਿਧਾਤ** ;- ਪੰਜ ਗਿਆਨ ਇੰਦਰੇ ਸਰੂਪ ਵਾਲੀ ਸਥੂਲ ਦੇਹ ਦੇ ਅੰਦਰ ਹਿਰਦਾ ਕਮਲ ਰੂਪ ਪਾਤਰ ਹੈ ।ਇਸ ਵਿਚ ਮਨ ਰੂਪੀ ਤੇਲ ਹੈ । ਬੁੱਧੀ ਰੂਪੀ ਬੱਤੀ ਹੈ, ਆਰੂੜ ਆਤਮਾਂ ਰੂਪੀ ਦੀਵਾ ਹੈ, ਇਸ ਲਈ ਹਿਰਦੇ ਰੂਪੀ ਪਾਤਰ ਨੂੰ, ਮਨ ਰੂਪੀ ਤੇਲ ਨੂੰ, ਬੁੱਧੀ ਰੂਪੀ ਬੱਤੀ ਨੂੰ, ਸਰੀਰ ਵਿਚ ਅੰਗ ਨੂੰ, ਅਤੇ ਇੰਦਰੀਆਂ ਰੂਪੀ ਛੇਦਾਂ ਨੂੰ ਪ੍ਰਕਾਸਦਾ( ਜਾਣਦਾ) ਹੋਇਆ ਇੰਦਰੀਆਂ ਨਾਲ ਸਬੰਧ ਵਾਲੇ ਸਬਦ ਆਦਿ ਵਿਸਿਆਂ ਨੂੰ ਵੀ ਇਦਰੀਆਂ ਦੁਆਰਾ ਜਾਣਦਾ (ਪ੍ਰਕਾਸਦਾ) ਹੈ, ਅਤੇ ਈਸ਼ਵਰ ਰੂਪ ਨਾਲ ਬ੍ਰਹਮੰਡ ਆਦਿ ਸਰਵ ਬ੍ਰਹਿਮੰਡ ਨੂੰ ਪ੍ਰਕਾਸਦਾ ਹੈ । ਅਤੇ ਸਮਾਨ ਚੇਤਨ ਬ੍ਰਹਮ ਰੂਪ ਤੋਂ ਸਰਵ ਵਿਆਪੀ ਹੈ। ਇਹ ਇਸ ਸੰਬੰਧੀ ਹੋਰ ਦ੍ਰਿਸਟਾਂਤ ਹੈ ।

ਪ੍ਰ:-73 ਇਸ ਤਰਾਂ ਕਹਿਣ ਨਾਲ ਕੀ ਨਿਰਣਾਂ ਹੁੰਦਾ ਹੈ ?

ਉ:- ਨਿਰਣਾਂ ਹੁੰਦਾ ਹੈ ਕਿ ਇਹ ਸਤਾਰਾਂ ਤੱਤ ਮੈਂ ਨਹੀਂ, ਮੇਰੇ ਨਹੀਂ, ਇਹ ਪੰਚ ਮਹਾਂਭੂਤਾਂ ਦੇ ਹਨ ਮੈਂ ਇਨਾਂ ਨੂੰ ਜਾਨਣ ਵਾਲਾ, ਦੇਖਣ ਵਾਲੇ ਦੀ ਤਰਾਂ ਵੱਖ ਹਾਂ ।

ਪ੍ਰ:-74 ਸਤਾਰਾਂ ਤੱਤ ਮੈਂ ਨਹੀਂ ਮੇਰੇ ਨਹੀਂ ਕਿਸਤਰਾਂ ਸਮਝੋ ?

ਉ ;- ਸ੍ਰੋਤ (ਕੰਨ ) ਸਬਦ ਨੂੰ ਸੁਣਨ ਜਾਂ ਨਾਂ ਸੁਣਨ, ਇਹ ਮੈਂ ਜਾਣਦਾ ਹਾਂ ।ਤਵਚਾ ;- ਚੰਮੜੀ) ਸਪਰਸ ਨੂੰ ਗ੍ਰਹਿਣ ਕਰੇ ਜਾਂ ਨਾਂ ਕਰੇ ਇਹ ਮੈਂ ਜਾਣਦਾ ਹਾਂ । ਚਖੂ ;- ਅੱਖਾਂ) ਰੂਪ ਨੂੰ ਵੇਖੇ ਜਾਂ ਨਾਂ ਵੇਖੇ ਮੈਂ ਜਾਣਦਾ ਹਾਂ । ਜੀਭ ;- ਰਸ ਦਾ ਸਵਾਦ ਲਵੇ ਜਾਂ ਨਾਂ ਲਵੇ ਇਹ ਮੈਂ ਜਾਣਦਾ ਹਾਂ । ਘਰਾਣ ;- ਨੱਕ) ਗੰਧ ਨੂੰ ਗ੍ਰਹਿਣ ਕਰੇ ਜਾਂ ਨਾਂ ਕਰੇ ਇਹ ਮੈਂ ਜਾਣਦਾ ਹਾਂ ।ਕ੍ਰਮ ਇੰਦਰੀਆਂ ;- ਵਾਕ ਬੋਲੇ ਜਾਂ ਨਾਂ ਬੋਲੇ ਇਹ ਮੈਂ ਜਾਣਦਾ ਹਾਂ । ਪਾਣਿ ;- ਹੱਥ, ਲੈਣ ਦੇਣ ਕਰਨ ਜਾਂ ਨਾਂ ਕਰਨ ਇਹ ਮੈ ਜਾਣਦਾ ਹਾਂ । ਪਾਦ ;- (ਪੈਰ) ਚੱਲਣ ਜਾਂ



Scanned by CamScanner

ਨਾਂ ਚੱਲਣ ਇਹ ਮੈਂ ਜਾਣਦਾ ਹਾਂ ਉਪਸਥ :- ਰਸ ਦਾ ਤਿਆਗ ਕਰੇ ਜਾਂ ਨਾਂ ਕਰੇ, ਗੁਦਾ ;- ਮਲ ਦਾ ਤਿਆਗ ਕਰੇ ਜਾਂ ਨਾਂ ਕਰੇ ਇਹ ਮੈਂ ਜਾਣਦਾ ਹਾਂ । **ਪ੍ਰਾਣ** ;- ਕ੍ਰਿਆ ਕਰਨ ਜਾਂ ਨਾਂ ਕਰਨ । **ਮਨ** ;- ਸੰਕਲਪ ਵਿਕਲਪ ਕਰੇ ਜਾਂ ਨਾਂ ਕਰੇ, **ਬੁੱਧੀ** ;- ਨਿਸਚਾ ਕਰੇ ਜਾਂ ਨਾਂ ਕਰੇ, ਇਹ ਸਭ ਕੁੱਝ ਮੈਂ ਜਾਣਦਾ ਹਾਂ । ਨੱਕ ;- ਧਰਤੀ ਦਾ, **ਬਾਣੀ** ;- ਅਕਾਸ ਦਾ, **ਹੱਥ** ;- ਹਵਾ ਦਾ , **ਪੈਰ** ;- ਅਗਨੀ ਦਾ । ਉਪਸਥ :- ਜਲ ਦਾ । **ਗੁਦਾ** :- ਧਰਤੀ ਦਾ ਭਾਗ ਹੈ । **ਪੰਜ ਪ੍ਰਾਂਣ** :- ਇਹ ਮਿਲੇ ਹੋਏ ਪੰਜ ਮਹਾਂਭੂਤਾਂ ਦੇ ਹਨ, ਇਸ ਲਈ ਇਹ ਸਤਾਰਾਂ ਤੱਤ ਮੈਂ ਨਹੀਂ, ਮੇਰੇ ਨਹੀਂ ਮੈਂ ਇੰਨਾਂ ਨੂੰ ਜਾਣਨ ਵਾਲਾ ਵੇਖਣ ਵਾਲੇ ਦੀ ਤਰਾਂ ਇੰਨਾਂ ਤੋਂ ਵੱਖ ਹਾਂ

ਪ੍ਰ ;- 75 ਇਸ ਤਰਾਂ ਕਹਿਣ ਨਾਲ ਕੀ ਹੁੰਦਾ ਹੈ ?

ਉ :- ਲਿੰਗ ਦੇਹ ਅਤੇ ਇਸਦੇ ਧਰਮ ,ਪੁੰਨ ਪਾਪ ਦਾ ਕਰਤਾਪੁਣਾਂ ,ਇਸਦੇ ਦੁੱਖ - ਸੁੱਖ ਦਾ ਭੋਗਤਾਪਣਾਂ ਅਤੇ ਇਸ ਲੋਕ ਪ੍ਰਲੋਕ ਵਿਖੇ ,ਗਮਨ ਅਗਮਨ ਅਤੇ ਵੈਰਾਗ ਸਮ-ਦਮ ਆਦਿ ਦੀਆਂ ਵਿਰਤੀਆਂ ਅਤੇ ਰਾਗ ਦਵੈਸ ਹਰਸ ਆਦਿ, ਰਾਜਸੀ ਵਿਰਤੀਆਂ ਅਤੇ ਨਿੰਦਰਾ ਆਲਸ ਪ੍ਰਮਾਦਿ ਤਾਮਸੀ ਵਿਰਤੀਆਂ, ਇਸ ਤਰਾਂ ਭੁੱਖ ਪਿਆਸ, ਅੰਧਪੁਣਾਂ ਪਟਪਣਾਂ ਆਦਿ ਮੈਂ ਨਹੀਂ ਮੇਰੇ ਨਹੀਂ ਇਹ ਨਿਸਚਾ ਹੁੰਦਾ ਹੈ ।

ਪ੍ਰ:-76 ਪੁੰਨ ਪਾਪ ਦਾ ਕਰਤਾ ਅਤੇ ਭੋਗਤਾ ਮੈਂ ਕਿਸ ਤਰਾਂ ਨਹੀਂ ਅਤੇ ਕਰਤਾ ਭੋਗਤਾਪਣਾਂ ਮੇਰਾ ਧਰਮ ਨਹੀਂ ਇਹ ਕਿਸ ਤਰਾਂ ਜਾਣੇ ?

ਉਤਰ - ਜੇਹੜੀ ਵਸਤੂ ਵਿਕਾਰੀ ਹੋਵੇ, ਇਸ ਤਰਾਂ ਇਹ ਕ੍ਰਿਆਵਾਨ ਹੋਣ ਕਰਕੇ ਕਰਤਾ ਕਹਾਉਦੀ ਹੈਂ। ਮੈਂ ਨਿਰਵਿਕਾਰ ਕੂਟਅਸਥ (ਸ਼ਰੀਰ ਅਤੇ ਅੰਤਾਹ-ਕਰਣ ) ਤੋ ਦੂਰ ਹੋਣ ਕਰਕੇ ਕ੍ਰਿਆ ਦਾ ਸਹਾਰਾ ਨਹੀਂ ਇਸ ਤਰਾਂ ਪੁੰਨ ਪਾਪ ਰੂਪ ਕ੍ਰਿਆ ਦਾ ਮੈਂ ਕਰਤਾ ਨਹੀਂ ਅਤੇ ਜੋ ਕਰਤਾ ਨਹੀਂ, ਉਹ ਭੋਗਤਾ ਨਹੀਂ ਇਸ ਲਈ ਇਹ ਅੰਤਰਕਰਣ ਦੇ ਧਰਮ ਹਨ, ਮੇਰੇ ਨਹੀਂ ਮੈਂ ਇੰਨਾ ਨੂੰ ਜਾਣਨ ਵਾਲਾ ਦੇਖਣ ਵਾਲੇ ਦੀ ਤਰਾਂ ਇਸ ਤੋਂ ਵੱਖ ਹਾਂ ਇਸ ਤਰਾਂ ਜਾਣੋ ।

ਪ੍ਰਸ਼ਨ 77 ਇਸ ਲੋਕ ਪ੍ਰਲੋਕ ਵਿੱਚ ਆਉਣਾਂ ਜਾਣਾ, ਮੇਰੇ ਧਰਮ ਨਹੀਂ ਇਹ ਕਿਸ ਤਰਾਂ ਜਾਣੋ ?

ਉੱਤਰ ਅੰਤਰ ਕਰਣ ਪ੍ਰੀਛਿੰਨ ਹੈ । ਤਿਸ ਦਾ ਪ੍ਰਾਰਬਧਕਰਮ ਦੇ ਬਲ ਨਾਲ ਗਮਨ ਅਗਮਨ ਸੰਭਵ ਹੈਂ ਅਤੇ ਮੈਂ ਅਕਾਸ ਦੀ ਤਰਾਂ ਵਿਆਪਕ ਹਾਂ । ਇਸ ਲਈ ਮੇਰਾ ਧਰਮ ਆਉਣਾ ਜਾਣਾ ਨਹੀਂ ਇਸ ਤਰਾਂ ਜਾਣੋ ।



Scanned by CamScanner

ਪ੍ਰਸ਼ਨ 78 ਸਾਤਿਵ ਦੀ ਰਾਜਸੀ ਅਤੇ ਤਾਮਸੀ ਵਿਰਤੀਆਂ ਮੈਂ ਅਤੇ ਮੇਰਾ ਧਰਮ ਨਹੀਂ ਕਿਸ ਤਰਾਂ ਜਾਣੋ ?

ਉੱਤਰ :- ਦ੍ਰਿਸਟਾਂਤ :- ਕਿਸੇ ਮਹਿਲ ਵਿੱਚ ਬੈਠਕੇ ਰਾਜੇ ਦੇ ਸਾਮਣੇ ਕੋਈ ਕਾਰੀਗਰ ਕਰੰਜਾ (ਫੁਹਾਰਾ) ਬਣਾਵੇ, ਕਰੰਜੇ ਦਾ ਢੱਕਣ ਖੋਲਣ ਨਾਲ ਜਲ ਦੀਆਂ ਤਿੰਨ ਧਾਰਾਵਾਂ ਨਿਕਲਦੀਆਂ ਹਨ । ਇਨਾਂ ਤਿੰਨਾਂ ਧਾਰਾਵਾਂ ਦੇ ਵਿਚਾਲੇ ਪ੍ਰਵਾਹ ਰੂਪ ਨਾਲ ਅਨੰਤ ਧਾਰਾਵਾਂ ਨਿਕਲਦੀਆਂ ਹਨ, ਜਦੋ ਇਹ ਬੰਦ ਕਰ ਦਿੱਤਾ ਜਾਵੇ ਤਾਂ ਇਕੱਲਾ ਰਾਜਾ ਹੀ ਬਾਕੀ ਰਹਿ ਜਾਂਦਾ ਹੈਂ । ਸਿਧਾਂਤ - ਸਥੂਲ ਸਰੀਰ ਰੂਪੀ ਮਹਿਲ ਵਿੱਚ ਅਦਿਸਠਾਨ ਰੂਪ ਵਿੱਚ ਈਸ਼ਵਰ ਰੂਪੀ ਰਾਜਾ ਹੈ । ਇਸ ਦੇ ਵਿਰੋਧ ਅਰਥ ਅਗਿਆਨ ਰੂਪੀ ਕਾਰੀਗਰ ਨੇ ਅੰਤਹਕਰਣ ਰੂੰਪੀ ਕਰੰਜਾ ਕੀਤਾ ਹੈ । ਜਾਗਦੇ ਅਤੇ ਸੁਪਨੇ ਵਿੱਖੇ ਤਿਸਦੀ ਪ੍ਰਾਰਬਧ ਰੂਪ ਕਲ ਦੇ ਬੰਦ ਕਰਣ ਨਾਲ ਤਿੰਨ੍ਹਾ ਵਿਰਤੀਆਂ ਦੇ ਭਾਵ ਅਭਾਵ ਦਾ ਪ੍ਰਕਾਸ਼ਕ ਅੰਨਦ ਸਵਰੂਪ ਕੇਵਲ ਪ੍ਰਮਾਤਮਾਂ ਰੂਪੀ ਰਾਜਾ ਬਾਕੀ ਰਹਿਦਾ ਹੈ, ਸੋ ਹੀ ਮੈਂ ਹਾਂ, ਇਸ ਲਈ ਇਹ ਸਤਵਿਕ ਦੀ ਰਾਜਸੀ ਵਿਰਤੀਆ ਮੈਂ ਨਹੀਂ ਅਤੇ ਮੇਰੀ ਨਹੀ; ਇਹ ਅੰਤਹਕਰਣ ਦੀਆਂ ਹਨ ਮੈਂ ਇੰਨਾ ਨੂੰ ਜਾਨਣ ਵਾਲਾ ਦੇਖਣ ਵਾਲੇ ਦੀ ਤਰਾਂ ਵੱਖ ਹਾਂ ਇਸ ਤਰਾਂ ਜਾਣੋਂ ।

ਪ੍ਰਸ਼ਨ 79 ਅੰਦਪਣਾਂ ਆਦਿ, ਤੇ ਮੰਦਪਣਾਂ, ਪਟਪਨਾਂ (ਚਲਾਕੀ) ਮੈਂ ਨਹੀਂ ਮੇਰੇ ਨਹੀ; ਕਿਵੇਂ ਜਾਣੋਂ ?

ਉੱਤਰ ਨੇਤਰ ਆਦਿ ਕਈ ਇੰਦ੍ਰੀਆਂ ਆਪ, ਆਪਣੇ ਵਿਸ਼ਿਆਂ ਨੂੰ ਗ੍ਰਹਿਣ ਨਹੀਂ ਕਰਦੀਆਂ ਉਹ ਤਿਨਦਾ ਅੰਧਪਣਾਂ ਆਦਿ ਹੈ, ਇਸ ਨੂੰ ਮੈਂ ਜਾਣਦਾ ਹਾਂ, ਅਤੇ ਵਿਸ਼ਿਆਂ ਨੂੰ ਵੇਖਣ ਇਹ ਉਨਾਂ ਦਾ ਮੰਦਪਣਾਂ ਹੈ । ਇਸਨੂੰ ਭੀ ਮੈਂ ਜਾਣਦਾ ਹਾਂ ਅਤੇ ਤਿਸ ਨੂੰ ਸਪਸ਼ਟ ਗ੍ਰਹਿਣ ਕਰੇ ਇਹ ਉਸਦਾ ਪਟਪਣਾਂ ਹੈ, ਇਸ ਨੂੰ ਵੀ ਮੈਂ ਜਾਣਦਾ ਹਾਂ ਇਸ ਲਈ ਇਹ ਮੈਂ ਨਹੀਂ ਮੇਰੇ ਨਹੀਂ ਇਹ ਇੰਦ੍ਰੀਆਂ ਦਾ ਧਰਮ ਹੈਂ ।ਮੈਂ ਇਨਾਂ ਨੂੰ ਜਾਨਣ ਵਾਲਾ, ਵੇਖਨ ਵਾਲੇ ਦੀ ਤਰਾਂ ਇਸ ਤੋਂ ਵੱਖ ਹਾਂ ਇਸ ਤਰਾਂ ਕਾਰਣ ਸ਼ਰੀਰ ਤੇ ਸੂਕਸ਼ਮ ਦੇਹ ਦਾ ਮੈਂ ਦੇਖਣ ਵਾਲਾ ਹਾਂ ।

ਪ੍ਰ:- 80 ਕਾਰਣ ਸਰੀਰ ਕੀ ਹੈ ?

ੳ :- ਮਨੁੱਖ ਜਦੋਂ ਸਾਉਣ ਦੀ ਅਵਸਥਾ ਵਿਚੋਂ ਉਠਦਾ ਹੈ ਤਾਂ ਕਹਿੰਦਾ ਹੈ ਕਿ ਅੱਜ ਮੈਂ ਕੁਝ ਵੀ ਨਹੀਂ ਜਾਣਦਾ ਇਸ ਤੋਂ ਸੁਸੁਪਤ ਵਿਖੇ ਅਗਿਆਨ ਹੈ, ਐਸਾ ਸਿੱਧ ਹੁੰਦਾ ਹੈ । ਅਤੇ ਜਾਗਦੇ ਸਮੇਂ ਵੀ ਮੈਂ ਬ੍ਰਹਮ ਨੂੰ ਜਾਣਦਾ ਨਹੀਂ ਤੇ ਮੇਰੀ, ਮੈਨੂੰ ਖਬਰ ਨਹੀਂ ਹੈ, ਮੈਂ ਇਹ ਨਹੀਂ ਜਾਣਦਾ, ਮੈਂ ਉਹ ਨਹੀਂ ਜਾਣਦਾ, ਮੈਂ ਇਹ ਜਾਣਦਾ ਹਾਂ ਉਹ ਜਾਣਦਾ ਹਾਂ ਇਹ ਅਗਿਆਨ ਹੈ ਅਤੇ ਸੁਪਨੇ ਦਾ ਕਾਰਨ ਵੀ ਨਿੰਦਰਾ ਰੂਪ ਅਗਿਆਨ ਹੈ । ਐਸਾ ਜੋ ਅਗਿਆਨ, ਉਹ ਕਾਰਨ ਦੇਹ ਹੈ ।



Scanned by CamScanner

ਪ੍ਰ 81;- ਕਾਰਨ ਦੇਹ ਮੈਂ ਨਹੀਂ, ਮੇਰਾ ਨਹੀਂ; ਕਿਸ ਤਰਾਂ ਜਾਣੋਂ ?

ਉ;- ਮੈਂ ਜਾਣਦਾ ਹਾਂ ਜਾਂ ਨਹੀਂ ਜਾਣਦਾ ਇਹ ਅਤਿਹਕਰਨ ਦੀਆਂ ਵਿਰਤੀਆਂ ਹਨ, ਤਿੰਨਾਂ ਨੂੰ ਜਾਣਨ ਯੋਗ ਅਤੇ ਨਾਂ ਜਾਨਣ ਯੋਗ, ਵਿਸੇ ਸਹਿਤ ਮੈਂ ਜਾਣਦਾ ਹਾਂ ਇਸ ਲਈ ਇਹ ਕਾਰਣ ਦੇਹ ਮੈਂ ਨਹੀਂ, ਮੇਰੀ ਨਹੀਂ ਇਹ ਅਗਿਆਨ ਦੀ ਹੈ ਮੈਂ ਇਸ ਨੂੰ ਜਾਨਣ ਵਾਲਾ ਵੇਖਣ ਵਾਲੇ ਦੀ ਤਰਾਂ ਇਸ ਤੋਂ ਵੱਖ ਹਾਂ, ਇਹ ਜਾਣੋ ।

## ਚੌਥੀ ਕਲਾ ਸੁਰੂ ( ਮੈਂ ਪੰਚ ਕੋਸ਼ਾਤੀਤ ਹੂੰ ) (ਮਨਹਰ ਛੰਦ )

ਪੰਚ ਕੋਸਾਤੀਤ ਮੈਂ ਹੂੰ ਅੰਨ ਪ੍ਰਾਣ ਮਨੋਮਯ।
ਵਿਗਿਆਨ ਅਨੰਦਮਯ ਪੰਚਕੋਸ ਨਾਤਮਾਂ ।।
ਸਥੂਲਦੇਹ ਅੰਨਮਯਕੋਸ਼ ਲਿੰਗਦੇਹ ਪ੍ਰਾਣਮਨ।
ਰੂ ਵਿਗਿਆਨ ਤੀਨਕੋਸ਼ ਕਹੇ ਮਾਤਮਾਂ ।।
ਕਾਰਣ ਅਨੰਦਮਯ ਕੋਸ਼ ਯੇ ਕਾਰਜ ਜੜ।
ਵਿਕਾਰੀ ਵਿਨਾਸੀ ਵਿਅਭਚਾਰੀ ਹੀ ਅਨਾਤਮਾਂ ।।
ਅਜ ਚਿੱਤ ਅਬਿਕਾਰੀ ਨਿਤਯ ਵਿਅਭਿਚਾਰਹੀਣ ।
ਪੀਤਾਂਬਰ ਅਨੁਭਵ ਕਰਤਾ ਮੈਂ ਆਤਮਾਂ ।।

ਪ੍ਰ: 82 :- ਪੰਚਕੋਸ਼ਤੀਤ ਕੀ ਹੈ ?

ਉ ;- ਪੰਚ ਕੋਸਾਂ ਤੋ ਮੈਂ ਵੱਖ ਹਾਂ ਇਸਨੂੰ ਪੰਚਕੋਸ਼ਾਤੀਤ ਕਹੋ ।

ਪ੍ਰ ;-83 ਕੋਸ਼ ਕੀ ਹੈ ?

ਉ ;- ਕੋਸ਼ ਤਲਵਾਰ ਦੇ ਮਿਆਨ ਦਾ ਨਾਂਮ ,ਅਤੇ ਧਨ ਦੇ ਭੰਡਾਰ, ਅਤੇ ਕੀੜੇ ਦੀ ਖੱਡ ਦਾ ਨਾਂਮ ਵੀ ਕੋਸ਼ ਹੈ, ਇੰਨਾਂ ਦੀ ਤਰਾਂ ਪੰਚ ਕੋਸ਼ ਆਤਮਾਂ ਨੂੰ ਢੱਕਦੇ ਹਨ । ਇਸ ਤਰਾਂ ਅੰਨਮਈ ਆਦਿ ਵੀ ਕੋਸ਼ ਕਹਾਉਂਦੇ ਹਨ ।

ਪ੍ਰ;- 84 ਪੰਚ ਕੋਸ਼ਾਂ ਦੇ ਨਾਂਮ ਕੀ ਹਨ ?

ਉ ;- ਅੰਨਮਈ ਕੋਸ਼, 2 ਪ੍ਰਾਂਣਮਈ ਕੋਸ਼ 3 ਮਨੋਮਈ ਕੋਸ਼ 4 ਵਿਗਿਆਨਮਈ ਕੋਸ਼ 5 ਅਨੰਦਮਈ ਕੋਸ਼, ਇਹ. ਪੰਚ ਹਨ ।

ਪ੍ਰ;- 85 ਅੰਨਮਈ ਕੋਸ਼ ਕੀ ਹੈ ?

ਉ;- ਮਾਤਾ ਪਿਤਾ ਨੇ ਜੋ ਅੰਨ ਖਾਧਾ ਤਿਸਤੋਂ ਵੀਰਜ ਬਣਿਆ ਤਿਸ ਕਰਕੇ ਜੋ ਮਾਤਾ ਦੇ ਉਧਰ ਵਿਖੇ ਉਤਪਨ ਹੁੰਦਾ ਹੈ। ਫਿਰ ਜਨਮ ਤੋਂ ਬਾਅਦ ਦੁੱਧ ਵਗੈਰਾ ਅੰਨ ਕਰਕੇ ਜੋ ਬੁੱਧੀ ਪ੍ਰਾਪਤ ਕਰਦਾ ਹੈ, ਫਿਰ ਮਰਨ ਤੋਂ ਬਾਅਦ ਅੰਨਮਈ ਪ੍ਰਿਥਵੀ ਵਿਖੇ ਲੀਨ ਹੁੰਦਾ ਹੈ। ਐਸਾ ਜੋ ਸਥੂਲ ਦੇਹ ਹੈ ਉਹ ਅੰਨਮਈ ਕੋਸ਼ ਹੈ ।

ਪ੍ਰ;-86 ਅੰਨਮਈ ਕੋਸ਼ ਕੈਸ਼ਾ ਹੈ ?

ਉ ;- ਸੁੱਖ ਦੁੱਖ ਦੇ ਅਨੁਭਵ ਰੂਪ ਭੋਗ ਦਾ ਸਥਾਨ ਹੈ ।



Scanned by CamScanner

ਅੰਨਮਈ ਕੋਸ਼ ਤੋਂ ਮੈਂ ਵੱਖ ਹਾਂ ਇਹ ਕਿਸ ਤਰਾਂ ਜਾਣੋਂ ?

ਪ੍ਰ:- 87 ਅੰਨਮਈ ਕੋਸ਼ ਤੋਂ ਮੈਂ ਵੱਖ ਹਾਂ ਇਹ ਕਿਸ ਤਰਾਂ ਜਾਣੋਂ ?

ਉ :- ਜਨਮ ਤੋਂ ਪਹਿਲਾਂ ਅਤੇ ਮਰਨ ਤੋਂ ਪਿੱਛੋ ਅੰਨਮਈ ਕੋਸ਼ ਸਥੂਲ ਸਰੀਰ ਦਾ ਅਭਾਵ ਹੈ, ਇਸ ਤਰਾਂ ਇਹ ਉਤਪਤੀ ਨਾਸ਼ਵਾਨ ਹੋਣ ਕਰਕੇ ਘੜੇ ਦੀ ਤਰਾਂ ਕਾਰਯ, ਅਤੇ ਮੈਂ ਸਦਾ ਭਾਵਰੂਪ ਹਾਂ । ਇਸ ਤਰਾਂ ਉਤਪਤੀ ਨਾਸ਼ ਰਹਿਤ ਹੋਣ ਕਰਕੇ ਇਸ ਤੋਂ ਵੱਖ ਹਾਂ, ਇਸ ਤਰਾਂ ਇਹ ਅੰਨਮਈ ਕੋਸ਼ ਮੈਂ ਨਹੀਂ, ਮੇਰਾ ਨਹੀਂ, ਇਹ ਸਥੂਲ ਦੇਹ ਰੂਪ ਹੈ। ਮੈਂ ਇਸ ਦਾ ਜਾਨਣ ਵਾਲਾ ਆਤਮਾਂ ਇਸ ਤੋਂ ਵੱਖ ਹਾਂ

ਪ੍ਰ:-88 ਪ੍ਰਾਣਮਈ ਕੋਸ਼ ਕੀ ਹੈ ?

ਉ:- ਪੰਚ ਕਰਮ ਇੰਦਰੀਆਂ ਸਹਿਤ ਪੰਜ ਪ੍ਰਾਂਣ, ਉਹ ਪ੍ਰਾਂਣ ਮਈ ਕੋਸ਼ ਹੈ ।

ਪ੍ਰ:-89 ਪੰਚ ਕਰਮ ਇੰਦਰੀਆਂ ਅਤੇ ਪੰਚ ਪ੍ਰਾਂਣ ਕੇਹੜੇ ਹਨ ?

ਉ :- ਪੰਚ ਕਰਮ ਇੰਦਰੀਆਂ ਅਤੇ ਪੰਚ ਪ੍ਰਾਂਣ, ਪੂਰਵ ਸੂਕਸ਼ਮ ਦੇਹ ਦੀ ਪ੍ਰਕ੍ਰਿਆ ਵਿਖੇ ਪਹਿਲਾਂ ਕਹੇ ਹਨ ?

ਪ੍ਰ:-90 ਪੰਚਪ੍ਰਾਣ ਦੇ ਸਥਾਨ ਅਤੇ ਕ੍ਰਿਆ ਕੇਹੜੀ ਹੈ ?

ਉ :- ਪ੍ਰਾਣਵਾਯੂ :- ਹਿਰਦੇ ਵਿਖੇ ਰਹਿੰਦਾ ਹੈ ਅਤੇ ਦਿਨ ਰਾਤ ਵਿਚ 21,600 ਸਵਾਸ ਲੈਕੇ ਕ੍ਰਿਆ ਕਰਦਾ ਹੈ ।

2 ਉਪਾਨਵਾਯੂ :- ਗੁਦਾ ਸਥਾਨ ਵਿਖੇ ਰਹਿੰਦਾ ਹੈ ਅਤੇ ਮਲ ਮੂਤਰ ਦਾ ਤਿਆਗ ਕਰਦਾ ਹੈ ।

3 ਸਮਾਨਵਾਯੂ :- ਨਾਭੀ ਸਥਾਨ ਵਿਖੇਂ ਰਹਿੰਦਾ ਹੈ ਅਤੇ ਜਿਸ ਤਰਾਂ ਮਾਲੀ ਬਗੀਚੇ ਨੂੰ ਪਾਣੀ ਦਿੰਦਾ ਹੈ ਉਸੇ ਤਰਾਂ ਕੀਤੇ ਹੋਏ ਭੋਜਨ ਦੇ ਰਸ ਨੂੰ ਨਾੜੀਆਂ ਦੁਆਰਾ ਸਾਰੇ ਸਰੀਰ ਵਿਖੇ ਪਹੁੰਚਾਉਣ ਦੀ ਕ੍ਰਿਆ ਕਰਦਾ ਹੈ ।

4 ਉਦਾਨਵਾਯੂ :- ਕੰਠ ਵਿਖੇ ਰਹਿੰਦਾ ਹੈ ਅਤੇ ਖਾਧੇ ਪੀਤੇ ਅੰਨ ਜਲ ਦੇ ਵਿਭਾਗ ਨੂੰ ਵੰਡਦਾ ਹੈ ਜਿਵੇਂ ਸੁਪਨਾਂ, ਹਿਚਕੀ ਆਦਿ ਦੇ ਰੂਪ ਵਿਚ ਜੋ ਦਿਸਦੀ ਹੈ, ਕ੍ਰਿਆ ਕਰਦਾ ਹੈ ।

5 ਵਿਯਾਨਵਾਯੂ :- ਸਰਵਾਗ ਸਥਾਨ ਵਿਖੇ ਰਹਿੰਦਾ ਹੈ ਅਤੇ ਸਾਰੇ ਅੰਗਾਂ ਦੇ ਤੁਰਨ ਫਿਰਨ ਰੂਪ ਕ੍ਰਿਆ ਕਰਦਾ ਹੈ ਇਸ ਤਰਾਂ ਪੰਚ ਪ੍ਰਾਂਣਾਂ ਦਾ ਮੁੱਖ ਸਥਾਨ, ਅਤੇ ਕ੍ਰਿਆ ਹੈ ।

ਪ:- 89 ਪ੍ਰਾਣ ਆਦਿ ਵਾਯੂ ਸਰੀਰ ਵਿਖੇ ਕੀ ਕਰਦੇ ਹਨ ?

ਉ :- ਸਾਰੇ ਸਰੀਰ ਵਿਖੇ ਪੂਰਨ ਹੋਕੇ ਸਰੀਰ ਨੂੰ ਬਲ ਦਿੰਦੇ ਹਨ ਅਤੇ ਇੰਦਰੀਆਂ ਨੂੰ ਅਪਣੇ ਅਪਣੇ ਕੰਮਾਂ ਵਿਖੇ ਪ੍ਰਵਿਰਤੀ ਰੂਪ ਕ੍ਰਿਆ ਦੇ ਸਾਧਨ ਹੁੰਦੇ ਹਨ ।

ਪ੍ਰ:- 92 ਪ੍ਰਾਣ ਮਈ ਕੋਸ਼ ਤੋਂ ਮੈਂ ਵੱਖ ਹਾਂ ਇਹ ਕਿਵੇਂ ਜਾਣੋ ?

ਉ:- ਨੀਂਦ ਵਿਖੇ ਪੁਰਸ਼ ਸੁੱਤਾ ਹੁੰਦਾ ਹੈ ਤਾਂ ਪ੍ਰਾਂਣ ਜਾਗਦਾ ਹੈ ,ਤਾਂ ਕੋਈ ਸਨੇਹੀ ,ਮਿੱਤਰ ਆਵੇ , ਉਸ ਦਾ ਸਨਮਾਨ ਨਹੀਂ ਕਰਦਾ ਅਤੇ ਜੇ ਚੋਰ ਆਵੇ ਤਾਂ ਓਸ ਨੂੰ ਗਹਿਣੇ



Scanned by CamScanner

ਚੁਰਾਣ ਤੋਂ ਨਹੀਂ ਰੋਕਦਾ । ਇਸ ਲਈ ਇਹ ਪ੍ਰਾਣ ਵਾਯੂ ਘੜੇ ਦੀ ਤਰਾਂ ਜੜ੍ਹ ਹੈ । ਅਤੇ ਮੈਂ ਚੇਤਨ ਰੂਪ ਇਸ ਤੋਂ ਅਲੱਗ ਹਾਂ, ਤਾਂ ਹੀ ਤਾਂ ਇਹ ਪ੍ਰਾਂਣਮਈ ਕੋਸ਼ ਮੈ ਨਹੀਂ, ਮੇਰਾ ਨਹੀਂ, ਇਹ ਸੂਕਸ਼ਮ ਦੇਹ ਰੂਪ ਹੈ । ਮੈਂ ਇਸਨੂੰ ਜਾਨਣ ਵਾਲਾ ਆਤਮਾਂ ਇਸ ਤੋਂ ਵੱਖ ਹਾਂ ।

ਪ੍ਰ:-93 ਮਨੋਮਈ ਕੋਸ਼ ਕੀ ਹੈ ?

ਉ:- ਪੰਚ ਗਿਆਨ ਇੰਦਰੀਆਂ ਸਹਿਤ ਮਨ ,ਸੋ ਮਨੋਮਈ ਕੋਸ਼ ਹੈ ?

ਪ੍ਰ:-94 ਪੰਚ ਗਿਆਨ ਇੰਦਰੀਆਂ ਅਤੇ ਮਨ ਕੀ ਹੈ ?

ਉ:- ਇਹ ਪੂਰਵ ਸੂਕਸ਼ਮ ਦੇਹ ਦੀ ਪ੍ਰਕ੍ਰਿਆ ਵਿਖੇ ਕਹੇ ਹਨ ।

ਪ੍ਰ:-95 ਮਨ ਕੈਸਾ ਹੈ ?

ਉ:- ਸਰੀਰ ਵਿਖੇ (ਮੈ ਮੰਨਣਾਂ ) ਅਤੇ ਘਰ ਆਦਿ ਵਿਖੇ ਮਮਤਾ ਰੂਪ ਅਭਿਮਾਨ ਨੂੰ ਕਰਦਾ ਹੋਇਆ ਇੰਦ੍ਰੀਆਂ ਦੁਆਰਾ ਵਹੀਰ ਗਮਨ (ਪ੍ਰਗਟਾਵਾ) ਕਰਦਾ ਹੋਇਆ ਕਾਰਨ ਰੂਪ ਹੈ ।

ਪ੍ਰ:-96 ਮਨੋਮਈ ਕੋਸ਼ ਤੋਂ ਮੈਂ ਵੱਖ ਹਾਂ, ਇਹ ਕਿਸ ਤਰਾਂ ਜਾਣੋ ?

ਉ :- ਕਾਮ ਕ੍ਰੋਧ ਆਦਿ ਵਿਰਤੀਆਂ ਹੋਣ ਤੇ ਮਨ ਨਿਯਮ ਰਹਿਤ ਸਭਾ ਵਾਲਾ ਹੈ ਤਾਂਹੀ ਤਾਂ ਵਿਕਾਰੀ ਹੈ ਅਤੇ ਮੈਂ ਸਾਰੀਆਂ ਵਿਰਤੀਆਂ ਦਾ ਸਾਕਸੀ ਨਿਰਵਿਕਾਰ ਹਾਂ ਇਸ ਲਈ ਇਹ ਮਨੋਮਈ ਕੋਸ਼ ਮੈ ਨਹੀਂ, ਮੇਰਾ ਨਹੀਂ ਇਹ ਸੂਕਸਮ ਦੇਹ ਰੂਪ ਹੈ । ਮੈਂ ਇਸ ਨੂੰ ਜਾਨਣ ਵਾਲਾ ਆਤਮਾਂ ਇਸ ਤੋਂ ਵੱਖ ਹਾਂ । ਇਸ ਤਰਾਂ ਮੈਂ ਮਨੋਮਈ ਕੋਸ਼ ਤੋ ਵੱਖ ਹਾਂ ।

ਪ੍ਰ:-97 ਵਿਗਿਆਨ ਮਈ ਕੋਸ਼ ਕੀ ਹੈ ?

ਉ:- ਪੰਚ ਗਿਆਨ ਇੰਦ੍ਰੀਆਂ ਸਹਿਤ ਬੁੱਧੀ , ਇਹ ਵਿਗਿਆਨ ਮਈ ਕੋਸ਼ ਹੈ ।

ਪ੍ਰ:-98 ਗਿਆਨ ਇੰਦ੍ਰੀਆਂ ਅਤੇ ਬੁੱਧੀ ਕੀ ਹੈ ?

ਉ:- ਇਹ ਪਹਿਲਾਂ ਲਿੰਗ ਦੇਹ ਦੀ ਪ੍ਰਕ੍ਰਿਆ ਵਿਖੇ ਦੱਸੇ ਹਨ ।

ਪ੍ਰ:-99 ਬੁੱਧੀ ਕੈਸੀ ਹੈ ?

ਉ:- ਗੂੜ ਨੀਂਦ ਵਿਖੇ ਚਿਦਾਭਾਗ ਯੁਕਤ ਬੁੱਧੀ ਵਿਲੀਨ ਹੁੰਦੀ ਹੈ ਅਤੇ ਜ਼ਾਗਦੇਂ ਸਮੇਂ ਨਹੁੰ ਤੋਂ ਲੈਕੇ ਸਿਰ ਦੇ ਉਪਰ ਤੱਕ ਸਰੀਰ ਵਿਖੇ ਵਿਆਪਕੇ ਵਿਚਰਦੀ ਹੋਈ ਕਰਤਾ ਰੂਪ ਹੈ ।

ਪ੍ਰ :- 100 ਵਿਗਿਆਨਮਈ ਕੋਸ਼ ਤੋਂ ਮੈਂ ਵੱਖ ਹਾਂ ਇਹ ਕਿਵੇ ਜਾਣੋ ?

ਉ :- ਬੁੱਧੀ ਘੜੇ ਆਦਿ ਦੀ ਤਰਾਂ ਵਿਲਯ ਆਦਿ ਅਵਸਥਾ ਵਾਲੀ ਹੋਣ ਕਰਕੇ ਵਿਨਾਸੀ ਹੈ ਅਤੇ ਮੈਂ ਵਿਲਯ ਆਦਿ ਵਿਵਸਥਾ ਰਹਿਤ ਹੋਣ ਕਰਕੇ ,ਇਸ ਤੋਂ ਵੱਖ ਅਭਿਨਾਸੀ ਹਾਂ (ਨਾਸ ਰਹਿਤ ਹਾਂ ) ਇਸ ਕਰਕੇ ਇਹ ਵਿਗਿਆਨਮਈ ਕੋਸ਼ ਮੈਂ ਨਹੀਂ ਮੇਰਾ ਨਹੀਂ ਇਹ ਸੂਕਸ਼ਮ ਦੇਹ ਰੂਪ ਹੈ । ਮੈਂ ਇਸ ਦਾ ਜਾਨਣ ਵਾਲਾ ਆਤਮਾਂ ਇਸ ਤੋਂ ਵੱਖ ਹਾਂ ।



Scanned by CamScanner

ਪ੍ਰ:-101 ਅਨੰਦਮਈ ਕੋਸ਼ ਕੀ ਹੈ ?

ੳੁ :- ਪੂਰਵਲੇ ਕਰਮਾਂ ਦੇ ਫਲਦੇ ,ਅਨੁਭਵ ਸਮੇਂ ਵਿਖੇ, ਕਦੀ ਬੁੱਧੀ ਦੀ ਵਿਰਤੀ, ਅੰਤਰਮੁੱਖ ਹੋਈ ਆਤਮਾਂ ਸਵਰੂਪ ਭੂਤ ਅਨੰਦ ਦੇ ਪਤ੍ਰੀਬਿੰਬ ਨੂੰ ਭਾਸਦੀ ਹੈ (ਯਾਦ ਕਰਦੀ ਹੈ ) ਅਤੇ ਜੋ ਪ੍ਰਿਯ - ਮੋਦ - ਪ੍ਰਮੋਦ ਰੂਪ ਕਹੀਏ ,ਉਹ ਵਿਰਤੀ ਪੁੰਨ ਕਰਮ ਫਲ ਦੇ ਭੋਗ ਦੀ ਨਵਿਰਤੀ ਦੇ ਹੁੰਦੇ ਹੋਏ ਨਿੰਦਰਾ ਰੂਪ ਨਾਲ ਵਿਲੀਨ ਹੁੰਦੀ ਹੈ ਉਹ ਵਿਰਤੀ ਅਨੰਦਮਈ ਕੋਸ਼ ਹੈ ।

ਪ੍ਰ:-102 ਅਨੰਦਮਈ ਕੋਸ਼ ਕੈਸਾ ਹੈ ?

ੳੁ:- ਇਸਟ ਵਸਤੂ ਦੇ ਦ੍ਰਸਨ ਕਰਨ ਨਾਲ ਉਤਪਨ ਹੋਈ ਵਿਰਤੀ ਜਿਸਦਾ ਸਿਰ ਹੈ, ਅਤੇ ਇਸਟ ਵਸਤੂ ਦੇ ਲਾਭ ਤੋਂ ਉਤਪਨ ਹੋਈ ਮੋਦ ਵਿਰਤੀ (ਖੁਸ਼ਹਾਲ) ਜਿਸ ਦਾ ਇੱਕ (ਦੱਖਣ) ਪੱਖ ਹੈ । ਅਤੇ ਇਸਟ ਵਸਤੂ ਦੇ ਭੋਗ ਤੋਂ ਉਤਪਨ ਪ੍ਰਮੋਧ ਵਿਰਤੀ ਸੁੱਖ ਸੰਤੋਸ਼ ਜਿਸ ਦਾ ਦਵਿਤੀਯ (ਦੂਜਾ) ਪੱਖ ਹੈ । ਬੁੱਧੀ ਜਾਂ ਅਗਿਆਨ ਦੀ ਵਿਰਤੀ ਵਿਖੇ ਆਤਮਾਂ ਸਵਰੂਪ ਭੂਤ, ਅਨੰਦ ਦਾ ਪ੍ਰਤੀਬਿੰਬ ਜਿਸ ਦਾ ਸਵਰੂਪ ਹੈ ਅਤੇ ਬਿੰਬ ਰੂਪ ਆਤਮਾਂ ਦਾ ਸਵਰੂਪ ਭੂਤ, ਜਿਸਦਾ ਅਧਾਰ ਹੈ, ਐਸਾ ਪੰਛੀ ਰੂਪ ਭੋਗਤਾ ਅਨੰਦਮਈ ਕੋਸ਼ ਹੈ ।

ਪ੍ਰ:-103 ਅਨੰਦਮਈ ਕੋਸ਼ ਤੋਂ ਮੈਂ ਵੱਖ ਹਾਂ ਇਹ ਕਿਸ ਤਰਾਂ ਜਾਣੋ ?

ੳੁ :- ਅਨੰਦਮਈ, ਬੱਦਲ ਆਦਿ ਦੀ ਤਰਾਂ ਕਦੇ ਕਦਾਈ ਹੋਣ ਵਾਲਾ ਹੈ, ਇਸ ਤਰਾਂ ਛਿਨਕ (ਬਹੁਤ ਘੱਟ) ਹੈ ਅਤੇ ਮੈਂ ਸਰਵਦਾ ਸਥਿਤ ਹੋਣ ਕਰਕੇ ਨਿੱਤ ਹਾਂ, ਤਾਂ ਹੀ ਇਹ ਅਨੰਦਮਈ ਕੋਸ਼ ਮੈਂ ਨਹੀਂ, ਮੇਰਾ ਨਹੀਂ, ਇਹ ਕਾਰਨਦੇਹ ਰੂਪ ਹੈ ਮੈਂ ਇਸ ਨੂੰ ਜਾਨਣ ਵਾਲਾ ਆਤਮਾਂ ਇਸ ਤੋਂ ਵੱਖ ਹਾਂ ।

ਪ੍ਰ:-104 ਵਿਦਾਮਾਨ ਅੰਨਮਈ ਆਦਿ ਕੋਸ਼ ਜਦੋਂ ਆਤਮਾਂ ਨਹੀ ਤਾਂ ਆਤਮਾਂ ਕੋਣ ਹੈ ?

ੳੁ:- ਬੁੱਧੀ ਆਦਿ ਵਿਸ਼ੇ ਪ੍ਰਤੀਬਿੰਬ ਰੂਪ ਕਰ ਸਥਿਤ, ਅਤੇ ਪ੍ਰਿਯ ਆਦਿ ਸਬਦ ਸੇ ਕਹੀਏ, ਐਸਾ ਜੋ ਅਨੰਦਮਈ ਕੋਸ਼ ਹੈ ਇਸ ਦਾ ਬਿੰਬ ਰੂਪ ਕਾਰਨ ਜੋ ਅਨੰਦ ਹੈ, ਉਹ ਨਿੱਤ ਹੋਣ ਕਰਕੇ ਆਤਮਾਂ ਹੈ ।

ਪ੍ਰ:-105 ਜੋ ਪੰਚ ਕੋਸ਼ ਹਨ, ਉਹ ਹੀ ਅਨੁਭਵ ਵਿਖੇ ਆਉਦੇ ਹਨ, ਤਿਨ੍ਹਾਂ ਤੋਂ ਵੱਖਰਾ ਕੋਈ ਆਤਮਾਂ ਅਨੁਭਵ ਵਿਖੇ ਨਹੀਂ ਆਉਂਦਾ ,ਇਸ ਲਈ ਪੰਚਕੋਸ਼ ਤੋਂ ਵੱਖ ਆਤਮਾਂ ਹੈ ਇਹ ਨਿਸਚਾ ਕਿਵੇਂ ਹੋਵੇ ?

ੳੂ ;- ਜਦੋਂ ਪੰਚ ਕੋਸ਼ ਹੀ ਅਨੁਭਵ ਵਿਖੇ ਆਉਂਦੇ ਹਨ ।ਇੰਨਾਂ ਤੋਂ ਵੱਖ, ਕੋਈ ਆਤਮਾਂ ਵਿਖੇ ਨਹੀਂ ਆਉਂਦਾ ਇਹ ਵਾਰਤਾ ਸੱਤ ਹੈ । ਜਦੋਂ ਕਿ ਜਿਸ ਅਨੁਭਵ ਤੋਂ ਇਹ ਪੰਚ ਕੋਸ਼ ਜਾਣਦੇ ਹਾਂ, ਤਿਸ ਅਨੁਭਵ ਨੂੰ ਕੋਣ ਨਿਵਾਰਨ ਕਰੇਗਾ ? ਕੋਈ ਵੀ ਨਿਵਾਰਨ ਨਹੀਂ ਕਰ ਸਕਦਾ ਇਸ ਤਰਾਂ ਪੰਚ ਕੋਸ਼ ਦਾ ਅਨੁਭਵ ਰੂਪ ਜੋ ਚੇਤਨ ਹੈ ਉਹ ਪੰਚ ਕੋਸ਼ ਤੋਂ ਵੱਖ ਆਤਮਾਂ ਹੈ ।

ਪ੍ਰ:-106 ਆਤਮਾਂ ਕਿਵੇਂ ਹੈ ?

ੳੁ ;- ਸਤ, ਚਿਤ, ਅਨੰਦ, ਆਦਿ ਸਵਰੂਪ ਹੈ ।



Scanned by CamScanner

## ਪੰਚਮ ਕਲਾ ਸ਼ੁਰੂ

(ਤਿੰਨ ਅਵਸਥਾਵਾਂ ਦਾ ਮੈਂ ਸਾਕਸੀ ਹਾਂ) ਮਨਹਰ ਛੰਦ

ਅਵਸਥਾ ਤੀਨ ਕੋ ਸਾਕਸ਼ੀ ਆਤਮਾਂ ਅਨਵਯ ਯਾਂਕੋ ।
ਵਿਯਭਿਚਾਰੀ ਅਵਸਥਾ ਕੋ ਵਿਯਤੀਰੇਕ ਪਾਈਓ ।।
ਤ੍ਰਿਪੁਟੀ ਚਤੁਰਦਸ਼ ਕਰ ਵਿਯਵਹਾਰ ਜਹਾਂ ।
ਸਪਸਟ ਸੋ ਜਾਗਰਤ ਝੂਠ ਤਾਂਕੋ ਦ੍ਰਿਸਯ ਧਿਆਇਓ ।।
ਦੇਖੇ ਸੁਨੇ ਵਸਤਨ ਕੇ ਸੰਸਕਾਰ ਸੈ ਸਰਿਸਟ ਜਹਾਂ ।
ਅਸਪਸਟਪ੍ਰਤੀਤੀ ਸਵਪਨ ਮਿਰਸ਼ਾ ਲੋਕ ਗਾਇਓ ।।
ਸਕਲ ਕਰਣਲੈ ਹੋਏ ਜਹਾਂ ਸੁਸੁਪਤਿ ਸੋ ।
ਪੀਤਾਂਬਰ ਤੁਰੀਯਹੀ ਪ੍ਰਤਯਕ ਪ੍ਰਤਿਆਇਓ ।।

ਪ੍ਰ ;-107 ਤਿੰਨ ਅਵਸਥਾ ਕੇਹੜੀਆਂ ਹਨ ?

ਉ ;- ਜਾਗਰਤ ,ਸੁਪਨਾਂ, ਸੁਸਪਤਿ (ਨੀਂਦ)।

ਪ੍ਰ ;-108 ਜਾਗਰਤ ਅਵਸਥਾ ਕੀ ਹੈ ?

ਉ ;- 14 ਇਦਰੀਆਂ ਅਧਿਆਤਮ ਹਨ 2, ਚੋਦਾਂ ਇੰਦਰੀਆਂ ਦੇ 14 ਦੇਵਤੇ ਆਦਿ ਦੇਵ ਹਨ 3, ਇੰਨਾਂ ਦੇ ਚੋਦਾਂ ਵਿਸੇ ਅਦਿਭੂਤ ਹਨ (ਆਪ ਤੋਂ ਵੱਖ ਅਤੇ ਅੱਖਾਂ ) ਇੰਨਾਂ 42 ਤੱਤਾਂ ਨਾਲ ,ਜਿਸ ਵਿਖੇ ਵਿਵਹਾਰ ਹੁੰਦਾ ਹੈ ਉਹ ਜਾਗਰਤ ਅਵਸਥਾ ਹੈ ।

ਪ੍ਰ ;-109 ਚੋਦਾਂ (14) ਇੰਦਰੀਆਂ ਕੇਹੜੀਆਂ ,ਹਨ ?

ਉ :- ਪੰਜ ਗਿਆਨ ਇੰਦਰੀਆਂ, ( ਕੰਨ,ਚਮੜੀ,ਅੱਖਾਂ,ਜੀਭ, ਨੱਕ ) ਪੰਜ ਕਰਮ ਇੰਦਰੀਆਂ ( ਹੱਥ ,ਪੈਰ ,ਦੋ ਗੁਪਤ, ਬਾਣੀ, ) ਅਤੇ 4 ਅੰਤਹਕਰਨ , ( ਮਨ ,ਬੁੱਧੀ ,ਚਿੱਤ ਅਤੇ ਹੰਕਾਰ) ।

ਪ੍ਰ ;-110 ਚੋਦਾਂ ਇੰਦਰੀਆਂ ਦੇ 14 ਦੇਵਤੇ ਕੇਹੜੇ ਕੇਹੜੇ ਹਨ ?

ਉ ;- ਕੰਨ ਦਾ ਦੇਵਤਾ - ਦਿਸ਼ਾ , ਚਮੜੀ ਦਾ ਦੇਵਤਾ - ਹਵਾ , ਅੱਖਾਂ ਦਾ ਦੇਵਤਾ - ਸੂਰਜ, ਜੀਭ ਦਾ - ਵਰੁਣ, ਨੱਕ - ਅਸਵਨੀ ਕੁਮਾਰ, ਬਾਣੀ - ਅਗਨੀ, ਹੱਥ - ਇੰਦਰ, ਗੁਦਾ - ਵਾਮਨ, ਗੁਪਤ ਇੰਦਰੀ - ਪ੍ਰਜਾਪਤੀ, ਮਨ - ਚਦਰਮਾਂ, ਬੁੱਧੀ - ਵਾਸਦੇਵ ਜੀ, ਹੰਕਾਰ - ਰੁਦਰ, ਇਹ 14 ਦੇਵਤਾ ਆਦਿ ਦੇਵ ਹਨ ।

ਪ੍ਰ ;- 111 14 ਇੰਦਰੀਆਂ ਦੇ 14 ਵਿਸੇ ਕੇਹੜੇ ਹਨ ?

ਉ ;- ਗਿਆਨ ਇੰਦਰੀਆਂ ਦੇ - ਸਬਦ, ਸਪਰਸ, ਰੂਪ, ਰਸ, ਗੰਧ ।
ਕ੍ਰਮ ਇੰਦਰੀਆਂ ਦੇ :- ਬਚਨ, ਅਦਾਨ ਪਰਦਾਨ, ਗਮਨ, ਰਤੀਭੋਗ, ਮਲ ਤਿਆਗ ਅੰਤਹਕਰਨ ਦੇ ਵਿਸੇ ;- ਸੰਕਲਪ- ਵਿਕਲਪ, ਨਿਸਚਾ, ਚਿੰਤਨ, ਅਹੰਪਣਾ । ਇਹ 14 ਵਿਸੇ ਅਦਿਭੂਤ ਹਨ ।



Scanned by CamScanner

ਪ੍ਰ :- 112 ਅਧਿਆਤਮ, ਆਦਿਦੇਵ, ਅਦਿਭੂਤ, ਇਹ ਤਿੰਨ-ਤਿੰਨ ਮਿਲਕੇ ਕੀ ਬਣਦਾ ਹੈ ?
ਉ :- ਅਧਿਆਤਮ ਆਦਿ - ਪੁਟ (ਅਕਾਰ ) ਮਿਲਕੇ ਤ੍ਰਿਪੁਟੀ ਬਣਦੀ ਹੈ ।
ਪ੍ਰ :- 113 ਤ੍ਰਿਪੁਟੀ ਕਿਸ ਤਰਾਂ ਜਾਣੋ ?
ਉ :- **ਗਿਆਨ ਇੰਦਰੀਆਂ ਦੀ ਤ੍ਰਿਪੁਟੀ**

| ਇੰਦ੍ਰੀ ਅਧਿਆਤਮ | ਦੇਵਤਾ ਆਧਿਦੇਵ | ਵਿਸਾ ਆਦਿਭੂਤ |
|---|---|---|
| ਕੰਨ | ਦਿਸਾ | ਸਬਦ |
| ਚਮੜੀ | ਹਵਾ | ਸਪਰਸ |
| ਅੱਖਾਂ | ਸੂਰਜ | ਰੂਪ |
| ਜੀਭ | ਵਰੁਣ | ਰਸ |
| ਨੱਕ | ਅਸਵਨੀ ਕੁਮਾਰ | ਗੰਧ |

**ਕਰਮ ਇੰਦਰੀਆਂ ਦੀ ਤ੍ਰਿਪੁਟੀ :-**

| | | |
|---|---|---|
| ਵਾਕੂ | ਅਗਨੀ | ਬਚਨ (ਕ੍ਰਿਆ ) |
| ਹੱਥ | ਇੰਦਰ | ਲੈਣ - ਦੇਣ |
| ਪੈਰ | ਵਾਮਨ ਜੀ | ਗਮਨ (ਤੁਰਨਾਂ ) |
| ਉਪਸਥ | ਪ੍ਰਜਾਪਤੀ | ਰਤੀ ਭੋਗ |
| ਗੁਦਾ | ਯਮ | ਮਲ ਤਿਆਗ |

**ਅੰਤਹਕਰਨ ਦੀ ਤ੍ਰਿਪੁਟੀ :-**

| | | |
|---|---|---|
| ਮਨ | ਚੰਦਰਮਾਂ | ਸੰਕਲਪ |
| ਬੁੱਧੀ | ਬ੍ਰਹਮਾਂ | ਨਿਸਚਾ |
| ਚਿੱਤ | ਵਾਸੂਦੇਵ | ਚਿੰਤਨ |
| ਅਹੰਕਾਰ | ਰੁਦਰ | ਅਹੰਪਣਾ |

ਪ੍ਰ:-114 ਇਸ ਤ੍ਰਿਪੁਟੀ ਦਾ ਕੀ ਸਭਾਵ ਹੈ ?
ਉ :- ਤਿੰਨ ਤਿੰਨ ਪਦਾਰਥਾਂ ਦੀ ਇਹ ਤ੍ਰਿਪੁਟੀ ਹੈ, ਇੰਨਾਂ ਤਿੰਨਾਂ ਵਿਚੋ ਇੱਕ ਨਾਂ ਹੋਵੇ ਤਾਂ ਇਸ ਦਾ ਵਿਹਾਰ ਨਹੀਂ ਚਲਦਾ ।ਜਿਸ ਤਰਾਂ ਇੰਦ੍ਰੀ ਅਤੇ ਦੇਵਤਾ ਹੋਵੇ, ਪਰ ਇਸ ਦਾ ਵਿਸਾ ਨਾਂ ਹੋਵੇ ਤਾਂ ਵਿਹਾਰ ਨਹੀਂ ਚਲਦਾ ।ਇਸੇ ਤਰਾਂ ਹੀ ਸਾਰੀਆਂ ਤ੍ਰਿਪੁਟੀਆਂ ਨੂੰ ਜਾਣੋ ।



Scanned by CamScanner

ਪ੍ਰ ;115 ਮੇਰਾ ਕੀ ਸਭਾਵ ਹੈ, ਕਿਵੇ ਜਾਣੋਂ ?

ਉ ;- ਤ੍ਰਿਪੁਟੀ ਪੂਰਨ ਹੋਵੇ ਜਾਂ ਨਾਂ ਹੋਵੇ, ਇਸ ਨੂੰ ਮੈਂ ਜਾਣਦਾ ਹਾਂ, ਅਤੇ ਤ੍ਰਿਪੁਟੀ ਨਾਲ ਵਿਹਾਰ ਚੱਲੇ ਜਾਂ ਨਾਂ ਚੱਲੇ, ਇਸ ਨੂੰ ਵੀ ਮੈਂ ਜਾਣਦਾ ਹਾਂ । ਇਹ ਮੇਰਾ ਸਭਾਵ ਹੈ, ਇਸ ਤਰਾਂ ਜਾਣੋਂ

ਪ੍ਰ ;-116 ਇਸ ਕਥਨ ਨਾਲ ਕੀ ਸਿੱਧ ਹੁੰਦਾ ਹੈ ?

ਉ ;- ਤ੍ਰਿਪੁਟੀ ਨਾਲ ਜਿਸ ਤਰਾਂ ਵਿਹਾਰ ਚਲਦਾ ਹੈ, ਐਸੀ ਜਾਗਰਤ ਅਵਸਥਾ ਹੈ, ਇਹ ਸਿੱਧ ਹੁੰਦਾ ਹੈ ।

ਪ੍ਰ ;-117 ਜਾਗਰਤ ਅਵਸਥਾ ਵਿਖੇ ਜੀਵ ਦਾ ਸਥਾਨ ,ਵਾਚਾ (ਬਾਣੀ ) ਭੋਗ ਸਕਤੀ, ਗੁਣ ਅਤੇ ਜਾਗਰਤ ਦੇ ਅਭਿਮਾਨ ਨਾਲ ਤਿਸਕਾ (ਜੀਵ ਦਾ) ਨਾਂਮ ਕੀ ਹੈ ?

ਉ ;- ਜਾਗਰਤ ਅਵਸਥਾ ਵਿਚ ਜੀਵ ਦਾ, ਨੇਤਰ ਸਥਾਨ ਹੈ, ਵੈਖਰੀ (ਜੋਰ ਨਾਲ ਬੋਲਣਾਂ) ਵਾਚਾ ਹੈ । ਸਥੂਲ ਭੋਗ ਹੈ, ਕ੍ਰਿਆ ਸ਼ਕਤੀ ਹੈ, ਰਜੋ ਗੁਣ ਹੈ ਅਤੇ ਜਾਗਰਤ ਦੇ ਅਭਿਮਾਨ ਨਾਲ ਵਿਸਵ ਨਾਂਮ ਹੈ ।

ਪ੍ਰ ;-118 ਜਾਗ੍ਰਤ ਅਵਸਥਾ ਦੇ ਵਰਨਣ ਨਾਲ ਕੀ ਸਿੱਧ ਹੁੰਦਾ ਹੈ ?

ਉ ;- ਇਹ ਜਾਗਰਤ ਅਵਸਥਾ ਹੋਵੇ, ਤਿਸਨੂੰ ਵੀ ਮੈਂ ਜਾਣਦਾ ਹਾਂ, ਅਤੇ ਸਵਪਨ, ਸੁਸ਼ੁਪਤੀ ਵਿਖੇ ਨਾਂ ਹੋਵੇ, ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਣਦਾ ਹਾਂ । ਇਸ ਲਈ ਜਾਗਰਤ ਅਵਸਥਾ ਮੈਂ ਨਹੀਂ ,ਮੇਰੀ ਨਹੀ ,ਇਹ ਸਥੂਲ ਦੇਹ ਦੀ ਹੈ । ਮੈਂ ਇਸ ਨੂੰ ਜਾਨਣ ਵਾਲਾ ਸਾਕਸ਼ੀ ਇਸ ਤੋਂ ਵੱਖ ਹਾਂ ।

ਪ੍ਰ:-119 ਸਵੱਪਨ ਅਵਸਥਾ ਕੀ ਹੈ ?

ਉ :- ਜਾਗਰਤ ਅਵਸਥਾ ਸਮੇਂ ਜੋ ਪਦਾਰਥ ਦੇਖੇ ਹੋਣ , ਸੁਣੇ ਹੋਣ, ਭੋਗੇ ਹੋਣ, ਤਿਨਾਂ ਦਾ ਸੰਸਕਾਰ, ਵਾਲ ਦੇ ਹਜਾਰਵੇ ਭਾਗ ਜੈਸੀ ਬਰੀਕ ਹਿਤਾ ਨਾਂਮੀ ਨਾੜੀ, ਜੋ ਕੰਠ ਵਿਖੇ ਹੈ । ਤਿਸ ਵਿਖੇ ਰਹਿੰਦਾ ਹੈ । ਤਿਸ ਨਾਲ ਨੀਂਦਰ ਸਮੇਂ ਵਿਚ ਪੰਚ ਵਿਸੇ ਆਦਿ ਪਦਾਰਥ ਅਤੇ ਤਿਨ੍ਹਾਂ ਦਾ ਗਿਆਨ ਉਪਜਦਾ ਹੈ ,ਤਿਸ ਨਾਲ ਜਿਸ ਤਰਾਂ ਵਿਵਹਾਰ ਹੁੰਦਾ ਹੈ ਉਹ ਸਵਪਨ ਅਵਸਥਾ ਹੈ ।

ਪ੍ਰ:-120 ਸਵਪਨ ਅਵਸਥਾ ਵਿਖੇ ਜੀਵ ਦਾ ਸਥਾਨ ਵਾਚਾ (ਵਾਣੀ) ਭੋਗ - ਸ਼ਕਤੀ, ਗੁਣ ਅਤੇ ਸਵਪਨ ਦੇ ਅਭਿਮਾਨ ਨਾਲ ਜੀਵ ਦਾ ਨਾਂ ਕੀ ਹੈ ?

ਉ :- ਸਵਪਨ ਅਵਸਥਾ ਵਿਖੇ, ਜੀਵ ਦਾ ਕੰਠ, ਸਥਾਨ ਹੈ ,ਮਾਧਿਅਮ ਵਾਚਾ ਹੈ, ਸੂਕਸ਼ਤਮ (ਬਹੁਤ ਘੱਟ) ਭੋਗ ਹੈ ਗਿਆਨ ਸਕਤੀ ਹੈ, ਸਤਵ ਗੁਣ ਹੈ ਅਤੇ ਸੁਪਨੇ ਦੇ ਅਭਿਮਾਨ ਤੋਂ ਤੇਜਸ ਨਾਂਮ ਹੈ ।



Scanned by CamScanner

ਪ੍ਰ:-121 ਸਵਪਨ ਅਵਸਥਾ ਦੇ ਵਰਨਣ ਨਾਲ ਕੀ ਹੁੰਦਾ ਹੈ ?

ਉ :- ਸਵਪਨ ਅਵਸਥਾ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ ਅਤੇ ਜਾਗਰਤ, ਸਸੁਪਤਿ ਵਿਖੇ ਨਾਂ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ । ਇਸ ਲਈ ਇਹ ਸਵਪਨ ਅਵਸਥਾ ਮੈਂ ਨਹੀਂ ਮੇਰੀ ਨਹੀਂ, ਇਹ ਸੂਕਸਮ ਦੇਹ ਦੀ ਹੈ, ਮੈ ਇਸਨੂੰ ਜਾਨਣ ਵਾਲਾ ਸਾਕਸੀ, ਘੱਟ ਸਾਕਸੀ ਦੀ ਤਰਾਂ ਇਸ ਤੋਂ ਵੱਖ ਹਾਂ । ਇਹ ਸਵਪਨ ਅਵਸਥਾ ਦੇ ਕਹਿਣ ਨਾਲ ਸਿੱਧ ਹੁੰਦਾ ਹੈ ।

ਪ੍ਰ:-122 ਸੁਸਪਤੀ ਅਵਸਥਾ ਕੀ ਹੈ ?

ਉ :- ਪੁਰਸ ਜਦੋਂ ਨੀਂਦ ਵਿਚੋਂ ਜਾਗਕੇ ਉਠਦਾ ਹੈ ਤਾਂ ਸੁਪਨੇਂ ਵਿਚ ਅਨੁਭਵ ਕੀਤੇ ਸੁੱਖ ਅਤੇ ਅਗਿਆਨ ਨੂੰ ਯਾਦ ਕਰਕੇ ਕਹਿੰਦਾ ਹੈ, ਜੋ ਅੱਜ ਮੈਂ ਸੁੱਖ ਵਿਚ ਸੁੱਤਾ ਸੀ, ਉਹ ਕੁਝ ਵੀ ਨਹੀਂ ਜਾਣਦਾ ।ਇਹ ਸੁਖ ਅਤੇ ਅਗਿਆਨ ਦਾ ਪ੍ਰਕਾਸ ਸਾਕਸ਼ੀ ਚੇਤਨ ਰੂਪ ਅਨੁਭਵ ਵਿਖੇ ਹੁੰਦਾ ਹੈ ਐਸੀ ਜੋ ਬੁੱਧੀ ਦੀ ਵਿਲਯ ਅਵਸਥਾ (ਪੂਰੀ ਤਰਾਂ ਘੁਲਣਾ ) ਹੈ, ਉਹ ਸੁਸ਼ਪਤੀ ਅਵਸਥਾ ਹੈ ।

ਪ੍ਰ:-123 ਸੁਸ਼ਪਤੀ ਅਵਸਥਾ ਵਿਖੇ ਜੀਵ ਦਾ ਸਥਾਨ ,ਵਾਚਾ ,ਭੋਗ ਸਕਤੀ, ਗੁਣ ਅਤੇ ਸੁਪਨੇ ਦੇ ਅਭਿਮਾਨ ਤੋਂ ਇਸ ਦਾ ਨਾਂਮ ਕੀ ਹੈ ?

ਉ:- ਸੁਸਪਤਿ ਅਵਸਥਾ ਵਿਚ ਜੀਵ ਦਾ ਹਿਰਦਾ ਸਥਾਨ ਹੁੰਦਾ ਹੈ, ਪਸਯੰਤੀ ਵਾਚਾ ਹੈ, ਅਨੰਦ ਭੋਗ ਹੈ, ਦ੍ਰਵ ਸ਼ਕਤੀ ਹੈ, ਤਮੋਂ ਗੁਣ ਹੈ । ਅਤੇ ਸੁਸ਼ਪਤਿ ਦੇ ਅਭਿਮਾਨ ਤੋਂ ਪ੍ਰਾਗਯ ਨਾਂਮ ਹੈ ।

ਪ੍ਰ:-124 ਸੁਸ਼ਪਤਿ ਅਵਸਥਾ ਵਿਖੇ ਦ੍ਰਿਸਟਾਂਤ ਕੀ ਹੈ ?

ਉ:- **ਦ੍ਰਿਸਟਾਂਤ :-** ਜਿਸ ਤਰਾਂ ਕਿਸੇ ਦਾ ਗਹਿਣਾਂ ਪਾਣੀ ਵਿਚ ਡਿੱਗ ਪਵੇ ਉਸਨੂੰ ਕੱਢਣ ਲਈ ਕੋਈ ਤੈਰਨ ਵਾਲਾ ਪੁਰਸ਼ ਪਾਣੀਂ ਵਿਖੇ ਜਾਵੇ ਉਸ ਪੁਰਸ਼ ਨੂੰ ਜੇ ਕਰ ਗਹਿਣਾਂ ਮਿਲ ਗਿਆ ਤਾਂ ਪਤਾ ਹੈ, ਜੇਕਰ ਨਹੀਂ ਮਿਲਿਆ ਤਾਂ ਵੀ ਪਤਾ ਹੈ ਪ੍ਰੰਤੂ ਕਹਿਣ ਦਾ ਸਾਧਨ ਜੋ ਜਬਾਨ ਹੈ, ਤਿਸਦੇ ਦੇਵਤਾ ਅਗਨੀ ਦਾ ਜਲ ਨਾਲ ਵਿਰੋਧ ਹੁੰਦਾ ਹੈ ਤਾਂ ਕਹਿੰਦਾ ਨਹੀਂ, ਅਤੇ ਜਦੋਂ ਪੁਰਸ਼ ਜਲ ਵਿਚੋਂ ਬਾਹਰ ਆਉਦਾ ਹੈ ਤਾਂ ਕਹਿਣ ਦਾ ਸਾਧਨ ਦੇਵਤਾ ਸਹਿਤ ਵਾਕੂ, (ਜਬਾਨ ਇੰਦ੍ਰੀ ਹੈ) ਤਾਂ ਹੀ ਗਹਿਣਾਂ ਮਿਲਿਆ ਜਾਂ ਨਹੀਂ ਉਹ ਕਹਿੰਦਾ ਹੈ । **ਸਿਧਾਂਤ :-** ਇਸ ਤਰਾਂ ਸੁਸ਼ਪਤੀ ਅਵਸਥਾ ਵਿਖੇ ਸੁੱਖ ਅਤੇ ਅਗਿਆਨ ਦਾ ਸ਼ਾਕਸੀ ਚੇਤਨ ਰੂਪ, ਸਮਾਨ ਗਿਆਨ ਹੈ, ਪ੍ਰੰਤੂ ਵਿਸੇਸ਼ ਗਿਆਨ ਦੇ ਸਾਧਨ ਇਹ ਇੰਦ੍ਰੀਆਂ ਅਤੇ ਅੰਤਹਕਰਨ, ਇੰਨਾਂ ਦਾ ਤਾਂ ਅਭਾਵ ਹੈ ਇਸਤਰਾਂ ਸੁੱਖ ਅਤੇ ਅਗਿਆਨ ਦਾ ਵਿਸੇਸ ਗਿਆਨ ਨਹੀਂ ਹੁੰਦਾ । ਜਦੋਂ ਪੁਰਸ਼ ਜਾਗਦਾ ਹੈ ਤਾਂ ਵਿਸੇਸ਼ ਗਿਆਨ ਦੇ ਸਾਧਨ, ਇੰਦ੍ਰੀਆਂ ਅਤੇ ਅੰਤਹਕਰਨ ਹੁੰਦਾ ਹੈ, ਇਸ ਲਈ ਸੁਸ਼ਪਤੀ (ਸੌਣ ਸਮੇਂ) ਵਿਖੇ ਅਨੁਭਵ ਕੀਤੇ ਸੁੱਖ ਅਤੇ ਅਗਿਆਨ ਦਾ ਸੁਸਪਤੀ ਰੂਪ ਵਿਸੇਸ਼ ਗਿਆਨ ਹੁੰਦਾ ਹੈ ।



Scanned by CamScanner

**ਦ੍ਰਿਸਟਾਂਤ 2 ;-** ਜਿਸਤਰਾਂ ਧੁੱਪ ਵਿੱਚ ਰੱਖਣੇ ਘਿਉ ਪਿਘਲ ਜਾਂਦੀ ਹੈ ਅਤੇ ਛਾਂ ਵਿਚ, ਗੱਠ ਰੂਪ ਹੋ ਜਾਂਦੀ ਹੈ ਅਤੇ ਜੇਕਰ ਦੁਬਾਰਾ ਧੁੱਪ ਵਿਚ ਰੱਖੋ ਤਾਂ ਪਿਘਲ ਜਾਂਦੀ ਹੈ, । **ਸਿਧਾਂਤ :-** ਇਸ ਤਰਾਂ ਸੁਸਪਤੀ ਵਿਖੇ ਕਾਰਨ ਸਰੀਰ ਰੂਪ ਅਗਿਆਨ ਹੈ ਉਹ ਜਾਗ੍ਰਤ, ਸਵਪਨ ਵਿਖੇ ਬੁੱਧੀ ਰੂਪ ਹੁੰਦਾ ਹੈ, ਫਿਰ ਸੌਣ ਸਮੇਂ ਅਗਿਆਨ ਰੂਪ ਹੁੰਦਾ ਹੈ, । **ਦ੍ਰਿਸਟਾਂਤ 3 ;-** ਜਿਸ ਤਰਾਂ ਕੋਈ ਲੜਕਾ ਬੱਚਿਆਂ ਨਾਲ ਖੇਡਣ ਜਾਵੇ ਅਤੇ ਜਦੋਂ ਭੁੱਖ ਲਗਦੀ ਹੈ ਜਾਂ ਥੱਕਦਾ ਹੈ ਤਾਂ ਮਾਤਾ ਦੀ ਗੋਦ ਵਿਚ ਜਾਕੇ ਘਰ ਦੇ ਸੁੱਖ ਨੂੰ ਪਾਉਦਾ ਹੈ, ਅਤੇ ਜਦੋਂ ਲੜਕੇ ਬੁਲਾਉਦੇ ਹਨ ਤਾਂ ਫਿਰ ਖੇਡਣ ਚਲਾ ਜਾਂਦਾ ਹੈ । **ਸਿਧਾਂਤ ;-** ਕਾਰਨ ਸਰੀਰ ਦੀ ਅਗਿਆਨ ਰੂਪੀ ਮਾਤਾ ਹੈ ,ਇਸ ਦਾ ਬੁੱਧੀ ਰੂਪ ਬਾਲਕ ਕਰਮ ਰੂਪੀ ਲੜਕਿਆਂ ਨਾਲ, ਜਾਗਰਤ ਅਤੇ ਸਵਪਨ ਰੂਪੀ ਵਹਿਭੂਮੀ (ਵਿਹਾਰ ਕਰਨ ਦੀ ਥਾਂ) ਵਿਖੇ, ਵਿਵਹਾਰ ਰੂਪੀ ਖੇਡ ਖੇਡਦਾ ਹੈ, ਜਦੋਂ ਥੱਕ ਜਾਂਦਾ ਹੈ ਤਾਂ ਸੁਸਪਤੀ ਅਵਸਥਾ ਰੂਪੀ ਘਰ ਵਿਖੇ ਅਗਿਆਨ ਰੂਪ ਮਾਤਾ, ਵਿਚ ਲੀਨ ਹੋਕੇ ਬ੍ਰਹਮ ਅਨੰਦ ਦਾ ਅਨੁਭਵ ਕਰਦਾ ਹੈ, ਫਿਰ ਜਦੋਂ ਕਰਮ ਰੂਪੀ ਲੜਕੇ ਬਲਾਉਣ ਤਾਂ ਜਾਗਰਤ , ਸਵਪਨ ਰੂਪੀ ਵਹਿਭੂਮੀ ਵਿਵਹਾਰ ਵਿਖੇ ,ਵਿਵਹਾਰ ਰੂਪੀ ਖੇਡ ਖੇਡਦਾ ਹੈ । **ਦ੍ਰਿਸਟਾਂਤ ;-** ਜਿਸ ਤਰਾਂ ਸਮੁੰਦਰ ਦੇ ਪਾਣੀ ਨਾਲ ਭਰੇ ਹੋਏ ਘੜੇ ਦੇ ਗਲ ਵਿਚ ਰੱਸੀ ਬੰਨਕੇ ਸਮੁੰਦਰ ਵਿਚ ਡੁਬੋ ਦਿੱਤਾ ਜਾਵੇ ਤਾਂ ਘੜੇ ਵਿਚਲਾ ਜਲ ,ਸਮੁੰਦਰ ਦੇ ਜਲ ਨਾਲ ਇੱਕਮਿੱਕ ਹੋ ਜਾਂਦਾ ਹੈ ,ਪ੍ਰੰਤੂ ਤਾਂ ਵੀ ਘੜੇ ਦੀ ਉਪਾਧੀ ਕਾਰਨੰ ਭਿੰਨ ਹੀ ਹੈ, ਪ੍ਰੰਤੂ ਜਦੋਂ ਰੱਸੀ ਖਿਚਕੇ ਘੜਾ ਬਾਹਰ ਕੱਢੋ ਤਾਂ ਉਸਦੇ ਭੇਦ ਦਾ ਪਤਾ ਲਗਦਾ ਹੈ । ਜਲ ਸਮੇਤ ਘੜਾ ਅਤੇ ਸਮੁੰਦਰ ਦਾ ਅਧਾਰ ਜੋ ਅਕਾਸ ਹੈ, ਉਹ ਭਿੰਨ ਨਹੀ ਹੁੰਦਾ, ਪ੍ਰੰਤੂ ਤਿੰਨ ਕਾਲ ਇੱਕ ਰਸ ਹੈ । **ਸਿਧਾਂਤ ;-** ਜਿਸ ਤਰਾਂ ਅਗਿਆਨ ਰੂਪ ਸਮੁੰਦਰ ਜਲ ਨਾਲ ਭਰਿਆ ਹੈ, ਲਿੰਗਦੇਹ ਰੂਪ ਘੜਾ ਹੈ ਉਹ ਪ੍ਰਾਰਬਧ (ਨਾਂ ਦਿਸਣ ਵਾਲੀ) ਰੱਸੀ ਨਾਲ ਬੰਨਿਆ ਹੋਇਆ ਹੈ, ਸੁਸੁਪਤੀ ਕਾਲ ਵਿਚ ਤੇ ਤਿਸਦੇ ਅਵਾਂਤਰ ਭੇਦ ਰੂਪੀ ਮਰਨ ,ਮੂਰਛਾ ਅਤੇ ਪਰਲੋਂ ਕਾਲ ਵਿਖੇ ਸਮਸਟਿ (ਇੱਕੋ ਜਿਹਾ) ਅਗਿਆਨ ਰੂਪ ਈਸਵਰ ਦੀ ਉਪਾਧੀ ਮਾਇਆ ਵਿਖੇ ਲੀਨ ਹੁੰਦੀ ਹੈ, ਉਹ ਵਿਅਸਟੀ ਗਿਆਨ, ਰੂਪ ਜੀਵ ਦੀ ਉਪਾਧੀ ਅਵਿਦਿਆ, ਸਮਸਟਿ ਅਗਿਆਨ ਨਾਲ ਏਕਤਾ ਹੁੰਦੀ ਹੈ ਤਾਂ ਵੀ ਲਿੰਗ ਸਰੀਰ ਦੇ ਸੰਸਕਾਰ ਰੂਪ ਉਪਾਧੀ ਕਰਕੇ ਭਿੰਨ ਹੀ ਹੈ, ਜਦੋਂ ਅਦਿਸ ਰੂਪ (ਨਾਂ ਦਿਸਣ ਵਾਲਾ) ਰੱਸੀ ਨੂੰ ਅੰਤਰਜਾਮੀ ਪ੍ਰੇਰਦਾ ਹੈ ਤਾਂ ਭੇਦ ਦਾ ਪਤਾ ਲਗਦਾ ਹੈ ਪ੍ਰੰਤੂ ਵਿਅਸਟੀ ਅਗਿਆਨ ਰੂਪ ਜਲ ਸਹਿਤ ਲਿੰਗਦੇਹ ਰੂਪ ਘੜਾ ਅਤੇ ਸਮਸਟਿ ਅਗਿਆਨ ਰੂਪ ਸਮੁੰਦਰ ਦਾ ਅਧਾਰ ਜੋ ਚਿੱਤ ਅਕਾਸ, ਉਹ ਵੱਖ ਨਹੀਂ ਪ੍ਰੰਤੂ ਤਿੰਨ ਕਾਲ ਵਿਖੇ ਇੱਕ ਰਸ ਹੈ ।



Scanned by CamScanner

ਪ੍ਰ :- 125 ਸੁਸਪਤੀ ਅਵਸਥਾ ਦੇ ਕਹਿਣ ਨਾਲ ਕੀ ਸਿੱਧ ਹੁੰਦਾ ਹੈ ?

ਉ :- ਸੁਸ਼ਪਤੀ ਅਵਸਥਾ ਹੋਵੇ ਜਾਂ ਜ਼ਾਗ੍ਰਤ ,ਸਵਪਨ ਹੋਵੇ ਤਾਂ ਮੈਂ ਇਸ ਦੇ ਅਭਾਵ ਨੂੰ ਜਾਣਦਾ ਹਾਂ ,ਇਸ ਲਈ ਇਹ ਅਵਸਥਾ ਮੈਂ ਨਹੀਂ ਮੇਰੀ ਨਹੀਂ , ਇਹ ਅਵਸਥਾ ਕਾਰਨ ਦੇਹ ਦੀ ਹੈ, ਮੈਂ ਇਸ ਨੂੰ ਜਾਣਨ ਵਾਲਾ ਸਾਕਸੀ ਇਸ ਤੋਂ ਵੱਖ ਹਾਂ । ਇਸ ਤਰਾਂ ਸੁਸ਼ਪਤੀ ਅਵਸਥਾ ਵਿਚ ਮੈਂ ਸਾਕਸੀ ਹਾਂ ।

## ਛੇਵੀਂ ਕਲਾ (ਪ੍ਰਪੰਚ ਮਿਥਿਆਤਵ ਵਰਨਣ )

(ਲਲਿਤ ਛੰਦ )

ਸਕਲਦ੍ਰਸਯ ਸੋ ਧਿਆਸ ਛੋਡਨਾਂ । ਜਗ ਅਧਾਰ ਮੇਂ ਚਿਤ ਜੋੜਨਾਂ ।।
ਤ੍ਰੈਦਸਾਹਿ ਜੋ ਜਾਗਰਛਦਾਦਿ ਹੈ । ਸਭ ਪ੍ਰਪੰਚ ਸੋ ਭਿੰਨ ਨਹੀਂ ਹੈ ।।
ਰਜਤ ਆਦਿ ਹੈ ਸੀਪਿਮੈ ਯਥਾ । ਤਰਯਦਸਾ ਸੂ ਹੈ ਬ੍ਰਹਮ ਮੇਂ ਤਥਾ ।।
ਰਜਤਆਦਵਤ ਦ੍ਰਿਸ਼ ਯੇ ਮਿਰਸਾ । ਸੁਗਤਿਕਾਦਿਵਤ ਬ੍ਰਹਮ ਅਮਿਰਸ਼ਾ ।।
ਵਿਅਭਿਚਰੈ ਮਿਥੋ ਰਜਤ ਆਦਿ ਜਿਓਂ । ਇਨਹਿਕ ਮਿਥੇ ਵਿਯਵਰਤੀ ਜੁ ਤਿਓਂ ।।
ਸੁਗਿਤ ਸਤ੍ਰਵਤ ਅਨੁਗ ਏਕ ਜੋ ।ਅਨੁਵਰਤੀਯੁਤੋ ਬ੍ਰਹਮ ਆਪ ਸੋ ।।
ਸੁਗਤਿਕਮਹੀ ਤੀਨਅੰਸ ਜਿਉ । ਅਜੜ ਬ੍ਰਹਮ ਮੇਂ ਤੀਨ ਅੰਸ ਤਿਉ ।।
ਉਭਯਅੰਸਕੂ ਸਤਯ ਜਾਨਿਲੇ ।ਤ੍ਰਿਤਿਯ ਤਿਆਗਦੇ ਮੋਕਸ ਤੋਂ ਮਿਲ਼ੇ, ।।
ਭਿਦਭ੍ਰਮਾਦੇ ਜੋ ਪੰਚਧਾਮਬੰ । ਤ੍ਰਿਵਧਤਾਪਤਾ ਤਪਤ ਸੋ ਦਵੰ ।।
ਪਰਸੂ ਪੰਚਦਾ ਯੁਕਤਿਓਿ ਕਰੀ ।ਕਰ ਵਿਚਾਰ ਤੂੰ ਛੇਦ ਨਾਂ ਡਰੀ
ਨਹਿ ਜੁ ਜਹਮੇ ਤੀਨ ਕਾਲ ਮੈਂ ।ਤਾਹੀਹੈ ਭਾਨ ਵਹੈ ਮਦਯਕਾਲਮੈ ।।
ਸੁਗਤੀ ਰੋਪਯਵਤ ਧਯਾਸ ਸੋ ਭਰਮੰ। ਅਰਥ ਗਿਆਨ ਦਸ ਭਾਤਿ ਕਾ ਕ੍ਰਮ ।।
ਦਿਵਿਧਵੇਮ ਹੈ ਗਿਆਨ ਅਰਥ ਕੋ । ਅਰਥ ਭ੍ਰਾਤਿ ਵਾ ਛੜਵਿਧਾ ਬਕੋ ।।
ਸਕਲ ਧਿਆਸ ਜੇ ਜਗਤ ਮੇ ਦਸੇ । ਸਭਸੂ ਯਾਹਿਕੇ ਬੀਚਮੇਂ ਧਸੇ ।।
ਨਿਜ ਚਿਦਾਤਸਾਕੂ ਬ੍ਰਹਮ ਜਾਨਿਕੇ ।ਸਕਲਵੇਮ ਕੋ ਮੂਲ ਭਾਨਿਕੇ ।।
ਪਰਮਮੋਦ ਕੂੰ ਆਪ ਬੁਜਿਲੇ । ਇਹਹਿ ਮੁਕਤਿ ਪੀਤਾਂਬਰੋ ਮਿਲੇ ।।



Scanned by CamScanner

ਪ੍ਰ :- 126 ਆਤਮਾਂ ਵਿਖੇ ਤਿੰਨ ਅਵਸਥਾ ,ਕਿਸਦੀ ਤਰਾਂ ਭਾਸਦੀਆਂ ਹਨ ?

ਉ :- **ਦ੍ਰਿਸ਼ਟਾਂਤ** ;- ਜਿਸ ਤਰਾਂ ਸਮੁੰਦਰੀ ਸਿੱਪੀ ਵਿਚ ਚਾਂਦੀ, ਕਾਗਜ, ਅਤੇ ਅਬਰਕ ਹੋਣ, ਇਹ ਤਿੰਨ ਸਿੱਪੀ ਦੇ ਅਗਿਆਨ ਨਾਲ ਕਲਿਪਤ ਦਿਸਦੇ ਜਾਂ ਅਨੁਭਵ ਹੁੰਦੇ ਹਨ ਇੱਨਾਂ ਤਿੰਨਾਂ ਵਸਤੂਆਂ ਦਾ, ਪਰਸ਼ਪਰ ਸਿੱਪੀ ਦੇ ਨਾਲ ਵੀਅਤਿਰੇਕ ਹੈ ਅਤੇ ਸਿੱਪੀ ਦਾ ਤਿਨ ਵਸਤੂਆਂ ਵਿਖੇ ਅਨਵਯ ਹੈ ਜਿਸ ਤਰਾਂ ਕਿ ਜਦੋਂ ਸਿੱਪੀ ਵਿਖੇ ਚਾਂਦੀ ਦਿਸੇ ਤਾਂ ਅਬਰਕ ਅਤੇ ਕਾਗਜ ਨਹੀਂ ਦਿਸਦੇ ਅਤੇ ਜਦੋਂ ਭੋਡਲ ਦਿਸੇ ਤਾਂ ਕਾਗਜ਼ ਅਤੇ ਚਾਂਦੀ ਨਹੀਂ ਦਿਸਦੇ ਇਹ ਤਿੰਨਾਂ ਵਸਤੂਆਂ ਦਾ ਪਰਸਪਰ ਵਿਅਤੀਰੇਕ ਹੈ । ਸਿੱਪੀ ਵਿਖੇ ਸ਼ੁਰੂ ,ਵਿਚਕਾਰ, ਅਤੇ ਅੰਤ ਵਿਚ ਇੰਨਾਂ ਤਿੰਨ ਵਸਤੂਆਂ ਦਾ ਵਿਵਹਾਰਕ ਅਤੇ ਪ੍ਰਮਾਰਥਕ ਅਤਿਅੰਤ ਅਭਾਵ ਹੈ, ਇਹ ਸਿੱਪੀ ਵਿਖੇ ਵੀ ਇੰਨਾਂ ਤਿੰਨਾਂ ਵਸਤੂਆਂ ਦਾ ਵਿਅਤੀਰੇਕ ਹੈ ਅਤੇ ਭੁਲੇਖੇ ਸਮੇਂ ਇਹ ਚਾਂਦੀ ਹੈ ,ਇਹ ਭੋਡਲ ਹੈ ,ਇਹ ਕਾਗਜ਼ ਹੈ ਇਸ ਤਰਾਂ ਨਾਲ ਸਿੱਪੀ ਦਾ ਇੰਦ ਅੰਸ਼ ਤਿਸ ਤਿੰਨ ਵਸਤੂਆਂ ਵਿਚ ਅਨੁਸੂਯਤ ਭਾਸਦਾਂ ਹੈ । ਇਹ ਤਿੰਨ ਵਸਤੂਆਂ ਵਿਚ ਸਿੱਪੀ ਦਾ ਅਨਵਿਯ ਹੈ ਇਥੇ ਸਿਪੀ ਦੇ ਤਿੰਨ ਅੰਸ਼ ਹਨ । 1; ਸਮਾਨ ਅੰਸ 2 ਵਿਸ਼ੇਸ ਅੰਸ 3 ਕਲਪਤ ਵਿਸੇਸ ਅੰਸ, ਇਸ ਲਈ (ਇੰਦਪਣਾਂ) ਇਹ ਸਮਾਨ ਅੰਸ਼ ਹੈ । ਕਿਉਂਕਿ ਜੋ ਜਿਆਦਾ ਸਮੇਂ ਵਿਚ ਪ੍ਰਤੀਤ ਹੋਵੇ ਉਹ ਸਮਾਨ ਅੰਸ ਹੈ । ਇਸੇ ਤਰਾਂ ਜਾਂ ਤਾਂ ਭੁਲੇਖੇ ਸਮੇਂ ਪ੍ਰਤੀਤ ਹੁੰਦਾ ਹੈ ਅਤੇ ਭੁਲੇਖੇ ਦੀ ਅਭਾਵ ਕਾਲ ਵਿਚ ਵੀਂ ਇਹ ਸਿਪੀ ਹੈ, ਇਸ਼ ਤਰਾਂ ਪ੍ਰਤੀਤ ਹੁੰਦਾ ਹੈ ਇਸ ਤਰਾਂ ਇਹ ਇੰਦਪਣਾ ਸਮਾਨ ਅੰਸ ਹੈ ਅਤੇ ਅਧਾਰ ਵੀ ਹੈਂ । ਨੀਲ ਪ੍ਰਿਸਟੀ ਤਿੰਨ ਕੋਸ਼ਾ ਵਾਲਾ ਵਿਸੇਸ ਅੰਸ਼ ਹੈ ਇਸ ਤਰਾਂ ਜੋ ਨਿਉਨ ਕਾਲ ਸਮੇਂ ਪ੍ਰਤੀਤ ਹੋਵੇ ਸੋ ਵਿਸੇਸ ਅੰਸ਼ ਹੈ, ਭੁਲੇਖੇ ਵਿਚ ਇੰਨਾਂ ਨੀਲਪਸਠ (ਨੀਲ ਪਿੱਠ ਵਾਲੀ) ਆਦਿ ਦੀ ਪ੍ਰਤੀਤ ਹੁੰਦੀ ਨਹੀਂ ਪ੍ਰੰਤੂ ਇੰਨਾਂ ਦੀ ਪ੍ਰਤੀਤੀ ਨਾਲ ਭ੍ਰਾਂਤੀ ਦੀ ਨਵਿਰਤੀ ਹੁੰਦੀ ਹੈ ਇਸ ਲਈ ਇਹ ਵਿਸੇਸ਼ ਅੰਸ ਹੈ, ਅਤੇ ਅਦਿਸਠਾਨ ਵੀ ਹੈ । ਚਾਂਦੀ ਆਦਿ ਕਲਪਿਤ ਵਿਸੇਸ ਅੰਸ਼ ਹੈ । ਕਿਉਂਕਿ ਜੋ ਅਧਿਸਠਾਨ ਦੇ ਗਿਆਤ ਕਾਲ ਵਿਚ ਪ੍ਰਤੀਤ ਹੁੰਦੇ ਨਹੀਂ ।ਇਹ ਕਲਪਿਤ ਵਿਸੇਸ ਅੰਸ਼ ਹੈ ਜਿਸ ਤਰਾਂ ਚਾਂਦੀ ਆਦਿ ਸਿਪੀ ਦੇ ਅਗਿਆਨ ਕਾਲ ਵਿਚ ਪ੍ਰਤੀਤ ਹੁੰਦਾ ਹੈ ਅਤੇ ਸਿਪੀ ਦੇ ਗਿਆਨ ਕਾਲ ਵਿਚ ਇੰਨਾਂ ਦੀ ਪ੍ਰਤੀਤੀ ਹੁੰਦੀ ਨਹੀਂ, ਤੇ ਸਿਪੀ ਨਾਲ ਵਿਭਚਾਰੀ ਹੈ ।ਇਸ ਤਰਾਂ ਇਹ ਕਲਪਿਤ ਵਿਸੇਸ਼ ਅੰਸ਼ ਹੈ ਅਤੇ ਭੁਲੇਖਾ ਵੀ । **ਸਿਧਾਂਤ** ;- ਇਸੇ ਤਰਾਂ ਅਧਿਸਠਾਨ ਆਤਮਾਂ ਵਿਚ ਜਾਗਰਤ, ਸੁਪਨ, ਸੁਸ਼ਪਤਿ ਇਹ ਤਿੰਨ ਭੁਲੇਖੇ ਆਤਮਾਂ ਦੇ ਅਗਿਆਨ ਨਾਲ ਹੁੰਦੇ ਹਨ ਇੰਨਾਂ ਦਾ ਪ੍ਰਸਪਰ ਅਤੇ ਅਧਿਸਠਾਨ ਆਤਮਾਂ ਦੇ ਨਾਲ ਵਿਅਤੀਰੇਕ ਹੈ ਅਤੇ ਆਤਮਾਂ ਦਾ ਇੰਨਾਂ ਵਿਚ ਅਨਵਯ ਹੈ । ਜਿਸ ਤਰਾਂ ਜਦੋਂ ਸੁਪਨਾਂ ਹੋਵੇ ਤਾਂ ਜਾਗਰਤ ਅਤੇ ਸੁਸ਼ਪਤਿ ਦਾ ਪਤਾ



Scanned by CamScanner

ਨਹੀ ਲਗਦਾ ।ਜਦੋ ਜਾਗਦੇ ਹੁੰਦੇ ਹਾਂ, ਤਾਂ ਸੁਪਨ ਅਤੇ ਸੁਸਪਤਿ ਦਾ ਪਤਾ ਨਹੀ ਲਗਦਾ, ਇਸ ਤਰਾਂ ਜਦੋਂ ਸੁਸਪਤਿ ਹੁੰਦੀ ਹੈ ਤਾਂ ਸਵਪਨ ਅਤੇ ਜਾਗਰਤ ਦਾ ਪਤਾ ਨਹੀਂ ਲਗਦਾ । ਇੰਨਾਂ ਤਿੰਨਾਂ ਅਵਸਥਾਵਾਂ ਦਾ ਪ੍ਰਸਪਰ ਵਿਅਤੀਰੇਕ ਹੈ ਅਤੇ ਅਧਿਸਠਾਨ ਵਿਖੇ ਇੰਨਾਂ ਤਿੰਨਾ ਅਵਸਥਾਵਾਂ ਦੇ ਪ੍ਰਮਾਰਥਕ ਦਾ ਅਤਿਅੰਤ ਅਭਾਵ ਹੈ ਇੰਨਾਂ ਤਿੰਨਾਂ ਅਵਸਥਾਵਾਂ ਦਾ ਅਧਿਸਠਾਨ ਵਿਖੇ ਵਿਅਤੀਰੇਕ ਹੈ, ਅਤੇ ਆਤਮਾਂ ਇੰਨਾਂ ਤਿੰਨਾਂ ਅਵਸਥਾਂ ਵਿਖੇ ਅਨੁਸੂਚਿਤ ਹੋ ਕੇ ਪ੍ਰਕਾਸਦਾ ਹੈ। ਇਹ ਆਤਮਾਂ ਦਾ ਤਿੰਨ ਅਵਸਥਾ ਵਿਖੇ ਅਨਵਯ ਹੈ ਇਥੇ ਆਤਮਾਂ ਦੇ (ਅਗਿਆਨ ਕਰਕੇ ) ਅਵਿਧਾ ਉਪਾਧੀ ਵਿਖੇ , ਅਰੋਪਤ ਤਿੰਨ ਅੰਸ ਹਨ 1 ਸਮਾਨ ਅੰਸ 2 ਵਿਸੇਸ ਅੰਸ 3 ਕਲਪਿਤ ਵਿਸੇਸ਼ ਅੰਸ (ਹੈਪਣਾਂ ) ਰੂਪ ਸਮਾਨ ਅੰਸ ਹੈ। ਕਿਉਕਿ ਜਾਗਰਤ ਹੈ, ਸਵਪਨ ਹੈ, ਸੁਸਪਤਿ ਹੈ। ਇਸ ਤਰਾਂ ਆਤਮਾਂ ਦਾ ਸਤਪਣਾਂ ਭ੍ਰਾਂਤੀਕਾਲ ਵਿਖੇ ਵੀ ਪ੍ਰਤੀਤ ਹੁੰਦਾ ਹੈ ਅਤੇ ਭ੍ਰਾਂਤੀ ਦੀ ਨਵਿਰਤੀਕਾਲ ਵਿਖੇ ਮੈਂ ਸਤ ਹਾਂ, ਚਿੱਤ ਹਾਂ, ਅਨੰਦ ਹਾਂ, ਪ੍ਰੀਪੂਰਣ ਹਾਂ ,ਅਸੰਗ ਹਾਂ, ਨਿੱਤ ਮੁਕਤ ਹਾਂ, ਬ੍ਰਹਮ ਹਾਂ, ਜਿਸ ਤਰਾਂ ਆਤਮਾਂ ਦੇ ਸਤਪੁਣੇ ਦੀ ਪ੍ਰਤੀਤੀ ਹੁੰਦੀ ਹੈ ਇਸ ਤਰਾਂ ਇਹ ਸਤ ਰੂਪ ਸਮਾਨ ਅੰਸ ਹੈ ਅਤੇ ਅਧਾਰ ਵੀ ਹੈ । ਚੇਤਨ ਅਨੰਦ ਅਸੰਗ ਅਦਵੈਤੀਯ ਪੁਣੇ ਨਾਲ, ਦਵੈਤ ਰਹਿਤ ਆਦਿ ਜੋ ਆਤਮਾਂ ਦੇ ਵਿਸੇਸਣ ਹਨ, ਉਹ ਵਿਸੇਸ਼ ਅੰਸ਼ ਹਨ । ਇਸੇ ਲਈ ਭ੍ਰਾਂਤੀਕਾਲ ਵਿਖੇ ਇਹ ਪ੍ਰਤੀਤ ਨਹੀਂ ਹੁੰਦੇ ਪ੍ਰੰਤੂ ਇੰਨਾਂ ਦੀ ਪ੍ਰਾਪਤੀ ਨਾਲ ਭ੍ਰਾਂਤੀ ਦੀ ਨਵਿਰਤੀ ਹੁੰਦੀ ਹੈ, ਇਸ ਲਈ ਇਹ ਵਿਸੇਸ ਅੰਸ ਹੈ ਅਤੇ ਅਧਿਸਠਾਨ ਵੀ ਹੈ ਤਿੰਨ ਅਵਸਥਾਵਾ ਰੂਪੀ ਪ੍ਰਪੰਚ, ਕਲਪਿਤ ਵਿਸੇਸ ਅੰਸ਼ ਹਨ, ਕਿਉਕਿ ਬ੍ਰਹਮ ਤੋਂ ਅਭਿਨ ਆਤਮਾਂ ਦੇ ਅਗਿਆਨ ਕਾਲ ਵਿਖੇ ਪ੍ਰਤੀਤ ਹੁੰਦੀ ਹੈ ਅਤੇ ਮੈਂ ਬ੍ਰਹਮ ਹਾਂ, ਇਸ ਤਰਾਂ ਆਤਮਾਂ ਦੇ ਗਿਆਨ ਕਾਲ ਵਿਖੇ ਆਤਮਾਂ ਤੋਂ ਵੱਖ ਸਤ ਪ੍ਰਤੀਤ ਨਹੀਂ ਹੁੰਦਾ । ਇਸ ਲਈ ਇਹ ਤਿੰਨਾਂ ਅਵਸਥਾਵਾਂ ਦਾ ਪ੍ਰਪੰਚ ਕਲਪਿਤ ਵਿਸ਼ੇਸ਼ ਅੰਸ਼ ਹੈ ਅਤੇ ਭ੍ਰਾਂਤੀ ਵੀ ਹੈ।ਇਸ ਤਰਾਂ ਇਹ ਤਿੰਨੇ ਅਵਸਥਾਵਾਂ ਆਤਮਾਂ ਵਿਖੇ ਮਿਥਿਆ ਪ੍ਰਤੀਤ ਹੁੰਦੀਆਂ ਹਨ

ਪ੍ਰ ;- 127 ਆਤਮਾਂ ਵਿਖੇ ਮਿਥਿਆ ਪ੍ਰਪੰਚ ਦੀ ਪ੍ਰਤੀਤੀ ਵਿਚ ਹੋਰ ਦ੍ਰਿਸਟਾਂਤ ਕੇਹੜੇ ਹਨ ?

ੳ ;- ਜਿਸ ਤਰਾਂ ਸਥਾਣੂ ਵਿਖੇ ( ਮੁੱਢ ਦਾ ਬੁੱਤ ) ਪੁਰਸ ਪ੍ਰਤੀਤ ਹੁੰਦਾ ਹੈ ਅਤੇ ਸਾਕਸੀ ਵੀ ਸੁਪਨਾਂ ਲਗਦਾ ਹੈ, ਮਾਰੂਥਲ ਵਿਚ ਜਲ ਪ੍ਰਤੀਤ ਹੁੰਦਾ ਹੈ, ਅਕਾਸ ਵਿਚ ਨੀਲਤਾ ਪ੍ਰਤੀਤ ਹੁੰਦੀ ਹੈ, ਰੱਸੀ ਵਿਖੇ ਸੱਪ ਲਗਦਾ ਹੈ ,ਜਲ ਵਿਚ ਅਪਣਾ ਔਧਾ ਮੁੱਖ ਜਾਂ ਬ੍ਰਿਛ ਪ੍ਰਤੀਤ ਹੁੰਦਾ ਹੈ, ਸੀਸੇ ਵਿਚ ਕੋਈ ਨਗਰ ਲਗਦਾ ਹੈ ਇਸੇ ਤਰਾਂ ਹੀ ਆਤਮਾਂ ਵਿਚ ਅਪਣੇ ਅਗਿਆਨ ਨਾਲ ਪ੍ਰਪੰਚ ਪ੍ਰਤੀਤ ਹੁੰਦਾ ਹੈ ਉਹ ਮਿਥਿਆ ਹੈ । ਇਸ ਤਰਾਂ ਪ੍ਰਪੰਚ ਦੇ ਮਿਥਿਆਪੁਣੇ ਦਾ ਨਿਸਚਾ ਕਰਨਾਂ, ਉਹ ਹੀ ਪ੍ਰਪੰਚ ਦਾ ਬਾਧ ਹੈ (ਹੋਣ ਤੇ ਵੀ ਨਾਂ ਰਹਿਣਾਂ)



Scanned by CamScanner

ਪ੍ਰ:-128 ਭ੍ਰਾਂਤੀ ਰੂਪ ਸੰਸਾਰ ਕਿਤਨੇ ਪ੍ਰਕਾਰ ਦਾ ਹੈ ?

ਉ :- ਭੇਦ ਭ੍ਰਾਂਤੀ :- ਜੀਵ ਇਸਵਰ ਦਾ ਭੇਦ, ਜੀਵਨ ਦਾ ਪ੍ਰਸਪਰ ਭੇਦ, ਜੜ੍ਹਨ ਦਾ ਪ੍ਰਸਪਰ ਭੇਦ, ਜੀਵ ਅਤੇ ਜੜ੍ਹ ਦਾ ਭੇਦ, ਜੜ ਈਸਵਰ ਦਾ ਭੇਦ, ਇਹ ਪੰਚ ਪ੍ਰਕਾਰ ਦੀ ਭੇਦ ਭ੍ਰਾਂਤੀ ਹੈ । ਭੁਲੇਖੇ ਦਾ ਭੇਦ) 2 ਕਰਤਾ ਭੋਗਤਾਪੁਣੇ ਦੀ ਭ੍ਰਾਂਤੀ :- ਅੰਤਹਕਰਨ ਦਾ ਭੇਦ, ਕਰਤਾ ਭੋਗਤਾਪੁਣੇ ਦੀ ਆਤਮਾਂ ਵਿਚ ਪ੍ਰਤੀਤ ਹੁੰਦੀ ਹੈ (ਇਹ ਕਰਤਾ ਭੋਗਤਾਪੁਣੇ ਦੀ ਭ੍ਰਾਂਤੀ ਹੈ) 3 ਸੰਗ ਦੀ ਭ੍ਰਾਂਤੀ ਆਤਮਾਂ ਦਾ ਦੇਹ ਆਦਿ ਵਿਚ ਅਹੰਤਾ (ਅਪਣਾ) ਰੂਪ ਅਤੇ ਘਰ ਆਦਿ ਵਿਚ ਮਮਤਾ ਰੂਪ ਸਬੰਧ ਹੈ ਅਤੇ ਜਿਤ ਹਾਰ ਸਵਗਤ, ਵਸਤੂ ਨਾਲ ਸਬੰਧ ਦੀ ਪ੍ਰਤੀਤ, ਇਹ ਸੰਗ ਭ੍ਰਾਂਤੀ ਹੈ ।

ਵਿਕਾਸ ਦੀ ਭ੍ਰਾਂਤੀ :- ਦੁੱਧ ਦੇ ਨੁਕਸੇ ਦਹੀਂ ਵਿਚੱ ਹੀ ਹਨ ।

ਬ੍ਰਹਮ ਦਾ ਵਿਕਾਰ ਜੀਵ ਜਾਂ ਜਗਤ ਹੈ ਇਹ ਜਾਣਨਾਂ, ਇਹ ਵਿਕਾਰ ਭ੍ਰਾਂਤੀ ਹੈ । ਬ੍ਰਹਮ ਤੋਂ ਵੱਖ ਜੀਵ ਦੇ ਸਤ ਹੋਣ ਦੀ ਭ੍ਰਾਂਤੀ :- ਇਹ ਉਕਤ ਪੰਜ ਪ੍ਰਕਾਰ ਦੀ ਭ੍ਰਾਂਤੀ ਰੂਪ ਸੰਸਾਰ ਹੈ ।

ਪ੍ਰ :-129 ਪੰਜ ਪ੍ਰਕਾਰ ਦੇ ਭਰਮ ਦੀ ਨਵਿਰਤੀ ਕਿੰਨਾਂ ਉਦਾਹਰਣਾਂ ਨਾਲ ਹੁੰਦੀ ਹੈ ?

ਉ :- ਬਿੰਬ-ਪ੍ਰਤੀਬਿੰਬ ਦੇ ਦ੍ਰਿਸਟਾਂਤ ਨਾਲ ਹੁੰਦੀ ਹੈ । 2 ਸਫਾਟਿਕ (ਬਲੋਰ ਦਾ ਟੁਕੜਾ) ਮਣੀ ਵਿਚ ਲਾਲ ਕਪੜੇ ਦੇ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸਟਾਂਤ ਨਾਲ ਕਰਤਾ ਭੋਗਤਾ ਪੁਣੇ ਦੇ ਭੁਲੇਖੇ ਦੀ ਨਵਿਰਤੀ ਹੁੰਦੀ ਹੈ । 3 ਘਟਾਕਾਸ (ਘੜੇ ਦਾ ਅੰਦਰਲਾ ਹਿਸਾ) ਦੇ ਦ੍ਰਿਸਟਾਂਤ ਨਾਲ ਸੰਗ ਦੇ ਭੁਲੇਖੇ ਦੀ ਨਵਿਰਤੀ ਹੁੰਦੀ ਹੈ । 4 ਰੱਸੀ ਵਿਚ ਸੱਪ ਦੇ ਭੁਲੇਖੇ ਨਾਲ, ਵਿਕਾਰ ਭੁਲੇਖੇ ਦੀ ਨਵਿਰਤੀ ਹੁੰਦੀ ਹੈ, 5 ਕਨਕ (ਸੋਨਾਂ) ਵਿਚ ਭੂਸਨ (ਗਹਿਣਾਂ) ਦੀ ਪ੍ਰਤੀਤੀ ਨਾਲ ਬ੍ਰਹਮ ਤੋਂ ਵੱਖ ਸੰਸਾਰ ਦੇ ਸਤ ਹੋਣ ਦੇ ਭੁਲੇਖੇ ਦੀ ਨਵਿਰਤੀ ਹੁੰਦੀ ਹੈ ।

ਪ੍ਰ:-130 ਬਿੰਬ ਪ੍ਰਤੀਬਿੰਬ ਦੇ ਦ੍ਰਿਸਟਾਂਤ ਨਾਲ ਭੁਲੇਖੇ ਦੀ ਨਵਿਰਤੀ ਕਿਵੇਂ ਹੁੰਦੀ ਹੈ ?

ਉ:- ਜਿਸ ਤਰਾਂ ਸੀਸੇ ਵਿਚ ਮੁੱਖ ਦਾ ਪ੍ਰਤੀਬਿੰਬ ਦਿਸਦਾ ਹੈ ਉਹ ਪ੍ਰਤੀਬਿੰਬ ਸੀਸੇ ਵਿੱਚ ਨਹੀਂ ਹੈ ਪ੍ਰੰਤੂ ਸੀਸੇ ਨੂੰ ਵੇਖਣ ਵਾਸਤੇ ਨਿਕਲੀ ਜੋ ਨੇਤਰਾਂ ਦੀ ਵਿਰਤੀ ਹੈ ਉਹ ਸੀਸੇ ਨੂੰ ਸਪਰਸ ਪਿਛੇ ਆਕੇ ਮੁੱਖ ਨੂੰ ਹੀ ਵੇਖਦੀ ਹੈ ਇਸ ਤਰਾਂ ਬਿੰਬ ਜੋ ਮੁੱਖ ਹੈ ਉਸ ਦੇ ਨਾਲੋ ਪ੍ਰਤੀਬਿੰਬ ਵੱਖ ਨਹੀਂ ਹੈ ਇਸ ਲਈ ਪ੍ਰਤੀਬਿੰਬ ਝੂਠਾ ਨਹੀਂ ,ਸਤ ਹੈ 2 ਪ੍ਰਤੀਬਿੰਬ ਦੇ ਧਰਮ (ਜੋ ਕਰਨਾਂ ਹੁੰਦਾ ਹੈ) ਬਿੰਬ ਤੋਂ ਵੱਖਰਾਪਣ ਅਤੇ ਸੀਸੇ ਵਿਚ ਸਥਿਤਪੁਣਾਂ, ਬਿੰਬ ਤੋਂ ਉਲਟਾਪਣ ਇਹ ਤਿੰਨ ਅਤੇ ਇੰਨਾਂ ਦੀ ਪ੍ਰਤੀਤੀ ਰੂਪ ਗਿਆਨ, ਉਹ ਭੁਲੇਖਾ ਹੈ । ਇਸ ਲਈ ਇੰਨਾਂ ਧਰਮਾਂ ਨੂੰ ਮਿਥਿਆਪੁਣੇ ਦਾ ਨਿਸਚਾ ਬਾਧ (ਹਟਾਕੇ) ਬਿੰਬ ਅਤੇ ਪ੍ਰਤੀਬਿੰਬ ਦਾ ਅਭੇਦ ਨਿਸਚਾ ਹੁੰਦਾ ਹੈ । ਸਿਧਾਂਤ :- ਇਸ ਤਰਾਂ ਸੁਧ ਬ੍ਰਹਮ ਰੂਪ ਬਿੰਬ ਹੈ । ਉਸ ਦੇ ਅਗਿਆਨ ਰੂਪੀ ਸੀਸੇ ਵਿਚ ਜੀਵ ਰੂਪੀ ਪ੍ਰਤੀਬਿੰਬ ਨਜ਼ਰ ਆਓਂਦਾ ਹੈ



Scanned by CamScanner

ਇਸ ਵਿਚ ਸੁਪਨੇ ਦੀ ਤਰਾਂ ਇੱਕ ਜੀਵ ਮੁੱਖ ਹੈ, ਅਤੇ ਦੂਸਰੇ ਸਥਾਵਰ, ਜੰਗਮ, ਰੂਪ (ਚਲ ਅਚੱਲ) ਬਹੁਤ ਜੀਵ ਦਿਸਦੇ ਹਨ ਇਹ ਜੀਵਭਾਸ ਹੈ ।(ਜੀਵ ਵਿਚ ਮਹਿਸੂਸ ਹੋਣਾਂ ) ਉਹ ਜੀਵਰੂਪੀ ਪ੍ਰਤੀਬਿੰਤ ਈਸਵਰ ਰੂਪੀ ਬਿੰਬ ਦੇ ਨਾਲੋਂ ਸਦਾ ਅਭਿੰਨ ਹੈ, ਮਾਇਆ ਦੀ ਤਰਾਂ ਤਾਕਤ ਨਾਲ ਇਸ ਜੀਵ ਦੇ ਧਰਮ ਬਿੰਬ ਰੂਪੀ ਈਸਵਰ ਤੋਂ ਭੇਦ, ਜੀਵਪਣਾਂ, ਅਲਪਗ, ਅਲੱਗ ਸਕਤੀਪਣਾਂ, ਪ੍ਰੀਛਿੰਨਪਣ, ਨਾਨਾਂਪਣ ਅਦਿ ਅਤੇ ਇੰਨਾਂ ਦੀ ਪ੍ਰਤੀਤੀ ਰੂਪ ਗਿਆਨ ਉਹ ਭੁਲੇਖਾ ਹੈ । ਇਸ ਲਈ ਇੰਨਾਂ ਦਾ ਮਿਥਿਆਪੁਣੇ ਦਾ ਨਿਸਚਾਰੂਪ ਬਾਧ, ਕਰਕੇ ਜੀਵ ਰੂਪੀ ਬਿੰਬ ਅਤੇ ਈਸਵਰ ਰੂਪੀ ਬਿੰਬ ਦਾ ਅਭੇਦ ਨਿਸਚਾ ਹੁੰਦਾ ਹੈ (ਜੀਵ ਅਤੇ ਪ੍ਰਮਾਤਮਾਂ ਵੱਖ ਨਹੀ) ਇਸ ਤਰਾਂ ਬਿੰਬ ਪ੍ਰਤੀਬਿੰਬ ਦੇ ਦ੍ਰਿਸਟਾਂਤ ਨਾਲ ਭੇਦ ਭੁਲੇਖੇ ਦੀ ਨਵਿਰਤੀ ਹੁੰਦੀ ਹੈ ।

ਪ੍ਰ ;-131 ਸਫਾਟਿਕ ਵਿਖੇ ਲਾਲ ਬਸਤਰ ਦੇ ਲਾਲ ਰੰਗ ਦਾ ਦਿਸਣਾਂ, ਦੀ ਉਦਾਹਰਣ ਨਾਲ ਕਰਤਾ ਭੋਗਤਾਪੁਣੇ ਦੇ ਭੁਲੇਖੇ ਦੀ ਨਵਿਰਤੀ ਕਿਵੇਂ ਹੁੰਦੀ ਹੈ ?

ਉ ;- ਲਾਲ ਬਸਤਰ ਦੇ ਉਪਰ ਧਰੀ ਹੋਈ ਸਫਾਟਿਕ ਮਣੀਂ ਬਸਤਰ ਦਾ ਲਾਲ ਰੰਗ ਸੰਯੋਗ ਸਬੰਧ ਕਰਕੇ ਦਿਸਦਾ ਹੈ । ਪ੍ਰੰਤੂ ਉਹ ਬਸਤਰ ਦਾ ਧਰਮ ਹੈ, (ਰੰਗ ਨਹੀਂ) ਬਸਤਰ ਅਤੇ ਸਫਾਟਿਕ ਦੇ ਅਲੱਗ ਹੋਣ ਨਾਲ ਭਾਵੇ ਸਫਾਟਿਕ (ਰੰਗ) ਨਜ਼ਰ ਨਹੀਂ ਆਉਦਾ, ਇਸ ਤਰਾਂ ਇਹ ਸਫਾਟਿਕ ਦਾ ਧਰਮ ਨਹੀਂ ਪ੍ਰੰਤੂ ਸਫਾਟਿਕ ਵਿਚ ਭੁਲੇਖੇ ਨਾਲ ਨਜ਼ਰ ਆਉਦਾ ਹੈ । **ਸਿਧਾਂਤ ;-** ਅੰਤਹਕਰਨ ਦਾ ਧਰਮ ਜੋ ਕਰਤਾ ਭੋਗਤਾਪਣਾਂ ਹੈ, ਉਹ ਆਤਮਾਂ ਵਿਖੇ **ਤਦਾਤਮਜ** :- ਉਸ ਜੈਸਾ ਹੋਣਾਂ) ਸਬੰਧ ਨਾਲ ਦਿਸਦਾ ਹੈ ਪ੍ਰੰਤੂ ਉਹ ਅੰਤਹਕਰਨ ਦਾ ਧਰਮ ਹੈ । ਸੁਸ਼ਪਤਿ ਵਿਚ ਅੰਤਹਕਰਨ ਤੇ ਆਤਮਾਂ ਦੇ ਵਿਯੋਗ ਦੇ ਹੁੰਦੇ ਆਤਮਾਂ ਵਿਖੇ ਦਿਸਦਾ ਨਹੀਂ । 4, ਇਸ ਲਈ ਆਤਮਾਂ ਦਾ ਧਰਮ ਨਹੀਂ ਹੈ, ਪ੍ਰੰਤੂ ਆਤਮਾਂ ਵਿਖੇ ਭੁਲੇਖੇ ਕਰਕੇ ਦਿਸਦਾ ਹੈ ਇਸਤਰਾਂ ਸਫਾਟਿਕ (ਮਣੀ ) ਵਿਖੇ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸਟਾਂਤ ਨਾਲ ਕਰਤਾ-ਭੋਗਤਾਪੁਣੇ ਦੀ ਨਵਿਰਤੀ ਹੁੰਦੀ ਹੈ ।



Scanned by CamScanner

ਪ੍ਰ ;- 132 ਘਟਾਕਾਸ (ਘੜੇ ਵਿਚਲਾ ਅਕਾਸ ) ਦੇ ਦ੍ਰਿਸਟਾਂਤ ਨਾਲ ਸੰਗ ਭ੍ਰਾਂਤੀ ਦੀ ਨਵਿਰਤੀ ਕਿਸ ਤਰਾਂ ਹੁੰਦੀ ਹੈ ?

ਉ ;- ਘਟ ਉਪਾਧੀ ਵਾਲਾ ਅਕਾਸ ਘਟਾਕਾਸ ਹੈ ਸੋ ਅਕਾਸ ਘਟ ਦੇ ਨਾਲ ਭਾਸਤਾ ਹੈ, ਤਾਂ ਵੀ ਘਟ ਦੇ ਧਰਮ ,ਉਤਪਤੀ ,ਨਾਸ ,ਗਮਨ-ਅਗਮਨ ਆਦਿ ਹਨ। ਇਹ ਅਕਾਸ ਦਾ ਸਪਰਸ ਨਹੀਂ ਕਰਦੇ ,ਇਸ ਲਈ ਅਕਾਸ ਅਸੰਗ ਹੈ ਅਕਾਸ ਦਾ ਸਬੰਧ ਘੜੇ ਨਾਲ ਭਾਸਦਾ ਹੈ, ਇਹ ਭੁਲੇਖਾ ਹੈ ।ਸਿਧਾਂਤ ;- ਇਸਤਰਾਂ ਦੇਹ ਆਦਿ ਦਾ ਸੰਘਾਤ ਰੂਪ ਉਪਾਧੀ ਵਾਲਾ ਆਤਮਾਂ, ਜੀਵਰੂਪ ਜਾਣੋਂ ,ਸੋ ਆਤਮਾਂ ਸੰਘਾਤ ਦੇ ਸੰਗ ਭਾਸਦਾ ਹੈ ਤਾਂ ਵੀ ਸੰਘਾਤ ਦੇ ਧਰਮ ਜਨਮ-ਮਰਨ ਆਦਿ ਹਨ। ਇਹ ਜਨਮ ਮਰਨ ਆਤਮਾਂ ਨੂੰ ਨਹੀਂ ਛੂ ਸਕਦੇ, ਇਸਤਰਾਂ ਸੰਘਾਤ ਦ੍ਰਿਸ਼ ਹੈ, ਅਤੇ ਆਤਮਾਂ ਦੇਖਣ ਵਾਲਾ ਹੈ। ਇਸ ਤਰਾਂ ਆਤਮਾਂ ਸੰਘਾਤ ਤੋਂ ਵੱਖ ਹੈ ,ਆਤਮਾਂ ਸੰਘਾਤ ਰੂਪ ਨਹੀਂ ਹੈ ਪ੍ਰੰਤੂ ਸੰਘਾਤ 5 ਮਹਾਂਭੂਤ ਦਾ ਹੈ ,ਇਸ ਆਤਮਾਂ ਦਾ ਸੰਘਾਤ ਦੇ ਨਾਲ ਮਮਤਾ ਰੂਪੀ ਸਬੰਧ ਵੀ ਨਹੀਂ। ਇਸ ਲਈ ਆਤਮਾਂ ਸੰਘਾਤ ਤੋਂ ਵੱਖ ਹੈ ।ਤਾਂ ਹੀ ਆਤਮਾਂ ਦਾ ਸੰਘਾਤ ਦੇ ਨਾਲ ਸਤਰੀ ਪੁੱਤਰ, ਘਰ ਆਦਿ ਦੇ ਨਾਲ ਵੀ ਮਮਤਾ ਰੂਪੀ ਸਬੰਧ ਨਹੀਂ ਇਸ ਤਰਾਂ ਆਤਮਾਂ ਅਸੰਗ ਹੈ ਇਸ ਦਾ ਸੰਘਾਤ ਦੇ ਨਾਲ ਅਹੰਤਾ ਮੰਮਤਾ ਰੂਪ ਸਬੰਧ ਭੁਲੇਖਾ ਹੈ,ਇਸਤਰਾਂ ਘਟਾਕਾਸ ਦੇ ਦਿਸਟਾਂਤ ਨਾਲ ਸੰਗ ਭ੍ਰਾਂਤੀ ਦੀ ਨਵਿਰਤੀ ਹੁੰਦੀ ਹੈ ।

ਪ੍ਰ ;- 133 ਰੱਸੀ ਵਿਖੇ ਕਲਪਿਤ ਸੱਪ ਦੇ ਦ੍ਰਿਸਟਾਂਤ ਨਾਲ ਵਿਕਾਸ ਭ੍ਰਾਂਤੀ ਦੀ ਨਵਿਰਤੀ ਕਿਸ ਤਰਾਂ ਹੁੰਦੀ ਹੈ ?

ਉ ;- ਜਿਸ ਤਰਾਂ ਅੰਧੇਰੇ ਵਿਚ ਰੱਸੀ ਪਈ ਹੈ ਤਿਸਨੂੰ ਵੇਖਣ ਲਈ ਅੱਖਾਂ ਵਿਚੋਂ ਅੰਤਹਕਰਨ ਦੀ ਵਿਰਤੀ ਨਿਕਲਦੀ ਹੈ ਸੋ ਵਿਰਤੀ ਅੰਧਕਾਰ ਦੇ ਦੋਸ ਨਾਲ ਰੱਸੀ ਦੇ ਅਕਾਰ ਨੂੰ ਪਾਉਦੀ ਨਹੀਂ। ਤਾਂ ਹੀ ਇਸ ਵਿਰਤੀ ਨਾਲ ਰੱਸੀ ਦੇ ਆਵਰਣ ਦਾ ਭੰਗ ਨਹੀ ਹੁੰਦਾ ਤਾਂ ਰੱਸੀ ਦੀ ਉਪਾਦੀ ਵਾਲੇ ਚੇਤਨ ਦੇ ਆਸਰਤ ਹੀ ਜੋ ਤੁਲਾ ਅਵਿਦਿਆ , ਉਹ ਸੋਭਕ (ਕ੍ਰੋਧ) ਨੂੰ ਪਾਕੇ ਸੱਪ ਰੂਪ ਵਿਕਾਰ ਨੂੰ ਧਾਰਦੀ ਹੈ । ਉਹ ਸੱਪ ਜਿਵੇਂ ਦੁੱਧ ਦਾ ਪ੍ਰੀਣਾਮ ਦਹੀਂ ਦੀ ਤਰਾਂ ਅਵਿਧਾ ਦਾ ਪ੍ਰੀਣਾਮ ਹੈ, ਰੱਸੀ ਉਪਾਧੀ ਵਾਲੇ ਚੇਤਨ ਦਾ ਵਿਵਰਤ ਹੈ, ਪ੍ਰੀਣਾਮ ਨਹੀ । **ਸਿਧਾਂਤ ;-** ਤੈਸੇ ਬ੍ਰਹਮ ਚੇਤਨ ਦੇ ਆਸਰੇ ਜੋ ਮੂਲ ਅਵਿਦਆ (ਬ੍ਰਹਮ ਅਤੇ ਆਤਮਾਂ ਨੂੰ ਆਵਰਣ ਕਰਨ ਵਾਲੀ ਦਸਾ) ਉਹ ਪ੍ਰਾਰਬਧ ਆਦਿ ਨਮਿਤ ਤੋਂ ਕਸੋਭ ਨੂੰ ਪਾਕੇ ਚੇਤਨ, ਪ੍ਰਪੰਚ ਰੂਪੀ ਵਿਕਾਰ ਨੂੰ ਧਾਰਦੀ ਹੈ, ਉਹ ਪ੍ਰਪੰਚ ਅਗਿਆਨ ਦਾ ਪ੍ਰੀਣਾਂਮ ਹੈ ਅਤੇ ਅਧਿਸਠਾਨ ਬ੍ਰਹਮ ਚੇਤਨ ਦਾ ਪ੍ਰੀਣਾਂਮ ਨਹੀਂ, ਇਸ ਤਰਾਂ ਰੱਸੀ ਵਿਖੇ ਸੱਪ ਦੇ ਦ੍ਰਿਸ਼ਟਾਂਤ ਨਾਲ ਵਿਕਾਰ ਭ੍ਰਾਂਤੀ ਦੀ ਨਵਿਰਤੀ ਹੁੰਦੀ ਹੈ ।



Scanned by CamScanner

ਪ੍ਰ ;-134 ਸੋਨੇ ਵਿਖੇ ਸੋਨੇ ਦੇ ਕੁੰਡਲ ਦੀ ਪ੍ਰਤੀਤੀ ਦੇ ਦ੍ਰਿਸਟਾਂਤ ਨਾਲ ਤਿੰਨ ਜਗਤ ਦੇ ਸਤਪੁਣੇ ਦੇ ਭੁਲੇਖੇ ਦੀ ਨਵਿਰਤੀ ਕਿਸ ਤਰਾਂ ਹੁੰਦੀ ਹੈ ?

ਉ ;- ਸੋਨੇ ਅਤੇ ਕੁੰਡਲ ਦਾ ਕਾਰੀਯਕਰਣ ਭਾਵ ਕਰਕੇ ਭੁਲੇਖਾ ਲਗਦਾ ਹੈ ਉਹ ਕਲਪਿਤ ਹੈ (ਝੂਠਾ ਹੈ) ਅਤੇ ਸੋਨੇਂ ਨਾਲੋਂ ਕੁੰਡਲ ਦਾ ਭਿੰਨ ਸਵਰੂਪ ਦਿਸਦਾ ਨਹੀਂ, ਤਾਂ ਹੀ ਵਾਸਤਵ ਅਭੇਦ ਹੈ, ਇਸ ਲਈ ਸੋਨੇ ਤੋਂ ਵੱਖ ਕੁੰਡਲ ਦੀ ਸਤਾ ਨਹੀਂ ਹੈ । **ਸਿਧਾਂਤ** ;- ਇਸ ਤਰਾਂ ਬ੍ਰਹਮ ਅਤੇ ਜਗਤ ਦਾ ਕਾਰੀਯਕਰਣ ਭਾਵ ਕਰਕੇ ਭੇਦ ਦਿਸਦਾ ਹੈ ਉਹ ਕਲਪਿਤ ਹੈ (ਝੂਠਾ ਹੈ) ਅਤੇ ਵਿਚਾਰ ਕਰਕੇ ਵੇਖੋ ਤਾਂ ਅਸਤਿ, ਭਾਂਤੀ, ਪ੍ਰਿਯ (ਹੈ ਵੀ ਅਤੇ ਮਹਿਸੂਸ ਵੀ ਹੁੰਦਾ ਹੈ) ਤੋਂ ਭਿੰਨ ਨਾਂਮ ਰੂਪ ਜਗਤ ਸਤ ਸਿੱਧ ਨਹੀਂ ਹੁੰਦਾ ਪ੍ਰੰਤੂ ਮਿਥਿਆ ਸਿੱਧ ਹੁੰਦਾ ਹੈ, ਜੋ ਵਸਤੂ ਕਲਪਿਤ ਹੁੰਦੀ ਹੈ, ਉਹ ਵਸਤੂ, ਉਸ ਵਸਤੂ ਤੋਂ ਭਿੰਨ ਕਲਪਿਤ ਸਿੱਧ ਨਹੀਂ ਹੁੰਦੀ ਇਸ ਤਰਾਂ ਬ੍ਰਹਮ ਤੇ ਜਗਤ ਦਾ ਵਾਸਤਵ ਅਭੇਦ ਹੈ ਇਸ ਤਰਾਂ ਬ੍ਰਹਮ ਤੋਂ ਆਤਮਾਂ ਭਿੰਨ ਨਹੀਂ ਹੈ ਸੋਨੇ ਵਿਚ ਕੁੰਡਲ ਦੀ ਪ੍ਰਤੀਤੀ ਦੇ ਦ੍ਰਿਸਟਾਂਤ ਨਾਲ ਬ੍ਰਹਮ ਤੋਂ ਭਿੰਨ ਜਗਤ ਦੇ ਸਤ ਪ੍ਰਤੀਤ ਹੋਣ ਦਾ ਭੁਲੇਖਾ ਦੂਰ ਹੁੰਦਾ ਹੈ ।

ਪ੍ਰ ;- 135 ਭ੍ਰਾਂਤੀ ਕੀ ਹੈ ?

ਉ ;- ਭ੍ਰਾਂਤੀ ਅਧਿਆਸ ਹੈ ।

ਪ੍ਰ ;- 136 ਅਧਿਆਸ ਕੀ ਹੈ ?

ਉ ;- ਭੁਲੇਖੇ ਦਾ ਵਿਸ਼ਾ ਜੋ ਮਿਥਿਆ ਵਸਤੂ ਅਤੇ ਭੁਲੇਖੇ ਦਾ ਗਿਆਨ ਹੈ ,ਉਸ ਦਾ ਨਾਂਮ ਅਧਿਆਸ ਹੈ ।

ਪ੍ਰ ;- 137 ਅਧਿਆਸ ਕਿਤਨੇ ਪ੍ਰਕਾਰ ਦਾ ਹੈ ?

ਉ ;- ਗਿਆਨਾਂ ਅਧਿਆਸ ਅਤੇ ਅਰਥਾ ਅਧਿਆਸ, ਇਸ ਤਰਾਂ ਦੋ ਪ੍ਰਕਾਰ ਦਾ ਹੈ, ਇੰਨਾਂ ਵਿਚੋਂ ਅਰਥ ਅਧਿਆਸ, ਕੇਵਲ ਸਬੰਧ ਅਧਿਆਸ । ਸਬੰਧ ਸਹਿਤ ਸਬੰਧੀ ਦਾ ਅਧਿਆਸ । ਕੇਵਲ ਧਰਮ ਅਧਿਆਸ । ਧਰਮ ਸਹਿਤ ਧਰਮੀ ਦਾ ਅਧਿਆਸ । ਅਨੋਨਿਯ ਧਿਆਸ, ਅਨਯਤਰ ਅਧਿਆਸ, ਇਸ ਤਰਾਂ 6 ਪ੍ਰਕਾਰ ਦਾ ਹੈ ਅਤੇ ਸਵਰੂਪ ਅਧਿਆਸ, ਸੰਸਰਗ ਅਧਿਆਸ । ਇਸ ਭੇਦ ਨਾਲ ਅਰਥ ਅਧਿਆਸ ਦੋ ਪ੍ਰਕਾਰ ਦਾ ਹੈ, ਇਸਦੇ ਅੰਤਰਗਤ ਉਕਤ 6 ਭੇਦ ਹਨ ਅਤੇ ਉਪਰ ਲਿਖੇ ਭੇਦ ਭ੍ਰਾਂਤੀ ਆਦਿ ਪੰਚ ਪ੍ਰਕਾਰ ਦੇ ਭ੍ਰਮ ਵੀ ਇਸਦੇ ਅੰਤਰਗਤ ਹਨ ।

ਪ੍ਰ ;- 138 ਹੰਕਾਰ ਆਦਿ ਆਤਮਾਂ ਦਾ ਅਤੇ ਆਤਮਾਂ ਦਾ ਅਧਿਆਸ ਜਾਨਣ ਵਿਚ ਵਿਸੇਸ ਉਪਯੋਗੀ ਅਰਥਾਤ ਸਾਰੇ ਅਧਿਆਸਾਂ ਵਿਚ ਅਨੁਸੂਯਤ (ਮਿਲਿਆ ਹੋਇਆ) ਕੇਹੜਾ ਅਧਿਆਸ ਹੈ ?

ਉ ;- ਅਨੋਨੀਯ ਅਧਿਆਸ ।



Scanned by CamScanner

ਪ੍ਰ :-139 ਅਨੌਨਿਯ ਅਧਿਆਸ ਕੀ ਹੈ ?
ਉ :- ਪ੍ਰਸਪਰ ਵਿਖੇ ਪ੍ਰਸਪਰ ਦੇ ਅਧਿਆਸ ਦਾ ਨਾਂਮ ਅਨੌਨਿਯ ਅਧਿਆਸ ਹੈ ।
ਪ੍ਰ :-140 ਆਤਮਾਂ ਅਤੇ ਅਨਾਤਮਾਂ ਦਾ ਪ੍ਰਸਪਰ ਅਧਿਆਸ ਕਿਸਤਰਾਂ ਹੈ ?
ਉ :- ਸਤ- ਚਿੱਤ - ਅਨੰਦ ਅਤੇ ਅਦਵੈਤ ਪੁਣਾਂ ਇਹ ਚਾਰ ਵਿਸੇਸਣ ਆਤਮਾਂ ਦੇ ਹਨ ।ਅਸਤ ,ਜੜ, ਦੁੱਖ ਅਤੇ ਦਵੈਤਪਣਾਂ, ਇਹ ਚਾਰ ਵਿਸੇਸਣ ਅਨਾਤਮਾਂ ਦੇ ਹਨ ਇੰਨਾਂ ਵਿਚ ਅਨਾਂਤਮਾਂ ਦੇ ਦੁੱਖ ਅਤੇ ਦਵੈਤ ਸਹਿਤਾਪਣਾਂ ਇਹ ਦੋ ਵਿਸੇਸਣਾਂ ਆਤਮਾਂ ਦੇ ਅਨੰਦ ਅਤੇ ਅਦਵੈਤਪੁਣੇ ਨੂੰ ਢੱਕਦੇ ਹਨ ਇਸ ਲਈ ਆਤਮਾਂ ਵਿਖੇ, ਮੈਂ ਅਨੰਦ ਰੂਪ ਅਤੇ ਅਦਵੈਤ ਰੂਪ ਹਾਂ ਅਜਿਹੀ ਪ੍ਰਤੀਤੀ ਨਹੀਂ ਹੁੰਦੀ, ਪ੍ਰੰਤੂ ਮੈਂ ਦੁੱਖੀ ਅਤੇ ਈਸਵਰ ਆਦਿ ਤੇ ਭਿੰਨ ਹਾਂ, ਐਸੀ ਪ੍ਰਤੀਤ ਹੁੰਦੀ ਹੈ । ਆਤਮਾਂ ਦੇ ਸਤ ਅਤੇ ਚਿੱਤ ਇੰਨਾਂ ਦੋ ਵਿਸੇਸਣਾਂ ਨਾਲ ਅਨਾਤਮਾਂ ਦੇ ਅਸੱਤ ਔਰ ਜੜਪੁਣੇ ਨੂੰ ਢੱਕਦੇ ਹਨ ।ਤਾਂ ਹੀ ਅਨਾਂਤਮਾਂ, ਜੋ ਹੰਕਾਰ ਅਦਿ ਤਿਸ ਵਿਖੇ ਅ,ਸਤ ਹੈ, ਅਭਾਵ (ਜੜ) ਰੂਪ ਹੈ, ਐਸੀ ਪ੍ਰਤੀਤ ਹੁੰਦੀ ਨਹੀਂ ਪ੍ਰੰਤੂ ਵਿਦਮਾਨ ਹੈ ਅਤੇ ਭਾਸਦਾ ਹੈ, ਐਸੀ ਪ੍ਰਤੀਤ ਹੁੰਦੀ ਹੈ, ਇਸ ਤਰਾਂ ਆਤਮਾਂ ਅਤੇ ਅਨਾਂਤਮਾਂ ਦਾ ਪ੍ਰਸਪਰ ਅਧਿਆਸ ਹੈ ।

## ਸੱਤਵੀ ਕਲਾ ਸੁਰੂ (ਆਤਮਾਂ ਦੇ ਵਿਸੇਸਣ ) ਇੰਦ੍ਰਵਿਜਯ ਛੰਦ

ਆਦਿ ਵਿਸੇਸਣ ਹੈ ਜੁ ਦੁਭਾਤਿ । ਵਿਦੇਯ ਨਿਸ਼ੇਦਯ ਕਹੋ ਨਿਰਧਾਰੇ ।।
ਵੇ ਸਭ ਜਾਨਿ ਭਲੇ ਗੁਰੂ ਸਾਸਤਰ ਸੁ ।ਸੋ ਅਪਨੋ ਨਿਜਰੂਪ ਨਿਹਾਰੇ ।।
ਸਚਿਦਾਨੰਦ ਰੁ ਬ੍ਰਹਮ ਸੁਵੰ ਪ੍ਰਕਾਸ਼ । ਕੂਟਸਥ ਰੂ ਸਾਕਸ਼ੀ ਵਿਚਾਰੇ ।।
ਦਰਸਟ ਅਰੁ ਉਪਦ੍ਰਸਟ ਰੁ ਏਕਹਿ । ਆਦਿ ਵਿਦੇਯ ਵਿਸੇਸਣ ਧਾਰੇ ।।
ਅਤ ਵਿਹੀਨ ਅਖੰਡ ਅਸੰਗ ਰੁ । ਅਦਵਯ ਜਨਮ ਬਿਨਾਂ ਅਵਿਕਾਰੇ ।।
ਚਾਰਿ ਅਕਾਰਬਿਨਾਂ ਅਰੁ ਵਿਅਕਤ । ਨ ਮਾਨਨਕੋ ਵਿਸਯੋ ਜੁ ਨਿਕਾਰੇ ।।
ਕਰਮ ਕਰੀਹਿ ਬਢੈ ਨ ਘਟੈ ਇਸ । ਹੇਤੁਹਿ ਅਵਯ ਵੇਦ ਪੁਕਾਰੇ ।।
ਅਕਸਰ ਨਾਸਬਿਨਾਂ ਕਹਿਏ ਇਸ । ਆਦਿ ਨਿਸੇਧਯ ਪੀਤਾਂਬਰ ਸਾਰੇ ।।



Scanned by CamScanner

ਪ੍ਰ :- 141 ਆਤਮਾਂ ਦੇ ਵਿਸੇਸਣ ਕਿੰਨੇ ਪ੍ਰਕਾਰ ਦੇ ਹਨ ?

ਉ :- 1 ਵਿਧੇਜ ਵਿਸੇਸ਼ਣ (ਸਾਕਸਾਤ ਭਾਵ ਸਿੱਧੇ ਤੌਰਤੇ ਗਿਆਨ ਦੇਣ ਵਾਲੇ ) 2 ਨਿਸੇਧ ਵਿਸੇਸਣ (ਪ੍ਰਪੰਚ ਦੇ ਨਿਸੇਧ ਦੁਆਰਾ )ਬੋਧਕ ਭੇਦ ਨਾਲ ਦੋ ਪ੍ਰਕਾਰ ਦੇ ਹਨ ।

ਪ੍ਰ :- 142 ਆਤਮਾਂ ਦੇ ਵਿਧੇਜ ਵਿਸੇਸਣ ਕੇਹੜੇ ਹਨ ?

ਉ :- 1 ਸਤ 2 ਚਿੱਤ 3 ਅਨੰਦ 4 ਬ੍ਰਹਮ 5 ਸਵੰਮਪ੍ਰਕਾਸ 6 ਕੂਟਸਥ 7 ਸਾਕਸ਼ੀ 8 ਦ੍ਰਸਟਾ 9 ਉਪਦ੍ਰਸਟਾ 10 ਏਕ ਇਤਿ ਆਦਿਕ

ਪ੍ਰ :- 143 ; ਸਤ ਆਤਮਾਂ ਕਿਵੇਂ ਹੈ ?

ਉ :- ਜਿਸ ਦੀ ਗਿਆਨ ਨਾਲ ਜਾਂ ਹੋਰ ਕਿਸੇ ਨਾਲ ਵੀ ਨਵਿਰਤੀ ਨਹੀਂ ਹੁੰਦੀ ,ਉਹ ਸਤ ਹੈ । ਆਤਮਾਂ ਦੀ ਗਿਆਨ ਜਾਂ ਹੋਰ ਕਿਸੇ ਤਰਾਂ ਨਵਿਰਤੀ ਨਹੀਂ ਹੁੰਦੀ ।ਇਸ ਲਈ ਆਤਮਾਂ ਸਤ ਹੈ ।

ਪ੍ਰ:-144 ਚਿਤ ਆਤਮਾ ਕਿਵੇਂ ਹੈ ?

ਉ :- ਅਲੁਪਤ ਪ੍ਰਕਾਸ (ਸਦਾ ਪ੍ਰਕਾਸਤ ) ਸੋ ਚਿਤ ਹੈ ।ਆਤਮਾਂ ਕਿਉਕਿ ਅਲੁਪਤ ਪ੍ਰਕਾਸ ਹੈ, ਇਸ ਲਈ ਚਿਤ ਹੈ ।

ਪ੍ਰ :- 145 ਆਤਮਾਂ ਅਨੰਦ ਕਿਸਤਰਾਂ ਹੈ ?

ਉ :- ਪ੍ਰਮ ਦਾ ਅਰਥ ਸਭ ਤੋਂ ਜਿਅਦਾ ਪ੍ਰਤੀਤ ਦਾ ਜੋ ਵਿਸਾ ਸੋ ਅਨੰਦ ਹੈ, ਆਤਮਾਂ ਵਿਖੇ ਸਭ ਦੀ ਪ੍ਰਮ ਪ੍ਰੀਤ ਹੈ, ਇਸ ਲਈ ਆਤਮਾ ਅਨੰਦ ਹੈ ।

ਪ੍ਰ :- 146 ਬ੍ਰਹਮ ਰੂਪ ਆਤਮਾਂ ਕਿਸ ਤਰਾਂ ਹੈ ?

ਉ:- ਆਤਮਾਂ ਸਤ, ਚਿਤ, ਅਨੰਦ, ਰੂਪ ਸੁਰਤਿ, ਯੁਕਤੀ (ਵੈਦਿਕ ਸਿਧਾਂਤ) ਅਤਅਨੁਭਵ ਨਾਲ ਸਿੱਧ ਹੈ ਅਤੇ ਬ੍ਰਹਮ ਵੀ ਸ਼ਾਸਤਰ ਵਿਖੇ ਸਤ, ਚਿਤ, ਅਨੰਦ ਰੂਪ ਕਿਹਾ ਹੈ । ਇਸ ਲਈ ਆਤਮਾਂ ਬ੍ਰਹਮ ਰੂਪ ਹੈ, ਕਿਉਕਿ ਬ੍ਰਹਮ ਨਾਮ ਵਿਆਪਕ ਹੈ, ਜਿਸ ਦਾ ਦੇਸ ਨਾਲ, ਅੰਤ ਨਹੀਂ ਹੁੰਦਾ ਉਹ ਵਿਆਪਕ ਹੈ । ਆਤਮਾਂ ਜੇ ਬ੍ਰਹਮ ਤੋਂ ਭਿੰਨ ਹੋਵੇ ਤਾਂ ਦੇਸ ਤੋਂ ਅੰਤ ਵਾਲਾ ਹੋਵੇਗਾ, ਜਿਸ ਦਾ ਦੇਸ ਤੋਂ ਅੰਤ ਹੋਵੇ, ਉਸ ਦਾ ਕਾਲ ਤੋਂ ਵੀ ਅੰਤ ਹੁੰਦਾ ਹੈ ।ਇਹ ਨਿਯਮ ਹੈ, ਜਿਸ ਦਾ ਦੇਸ ਕਾਲ ਤੋ ਅੰਤ ਹੋਵੇ ਉਹ ਅਨਿਤ ਕਹੋ, ਤਾਂ ਤੇ ਆਤਮਾਂ ਅਨਿਤ ਹੋਵੇਗਾ ਤਾਂ ਹੀ ਆਤਮਾਂ ਬ੍ਰਹਮ ਤੋਂ ਭਿੰਨ ਨਹੀਂ ਅਤੇ ਆਤਮਾਂ ਤੋਂ ਭਿੰਨ ਜੇ ਬ੍ਰਹਮ ਹੋਵੇ ਤਾਂ ਬ੍ਰਹਮ ਅਨਾਤਮਾਂ ਹੋਵੇਗਾ । ਜੇ ਆਤਮਾਂ ਘਟ ਆਦਿ ਹੈ, ਸੋ ਜੜ ਹੈ, ਇਸ ਲਈ ਆਤਮਾਂ ਤੋਂ ਭਿੰਨ ਬ੍ਰਹਮ ਜੜ੍ਹ ਹੋਵੇਗਾ, ਸੋ ਵਾਰਤਾ ਸੁਰਤਿ (ਸਿਧਾਂਤ) ਦੇ ਵਿਰੁਧ ਹੈ ਇਸ ਲਈ ਆਤਮਾਂ ਤੋਂ ਵਖ ਬ੍ਰਹਮ ਨਹੀਂ, ਤਾਂ ਹੀਂ ਬ੍ਰਹਮ ਰੂਪ ਆਤਮਾਂ ਹੈ ।



Scanned by CamScanner

ਪ੍ਰ ;- 147 ਸਵੈਮ ਪ੍ਰਕਾਸ ਆਤਮਾਂ ਕਿਵੇਂ ਹੈ ?

ਉ ;- ਜਿਸ ਤਰਾਂ ਦੀਵਾ ਪ੍ਰਕਾਸ ਕਰਨ ਲਈ ਕਿਸੇ ਹੋਰ ਦੀ ਸਹਾਇਤਾ ਨਹੀਂ ਲੈਂਦਾ, ਆਪ ਸਾਰਿਆਂ ਦਾ ਪ੍ਰਕਾਸਕ ਹੁੰਦਾ ਹੈ, ਉਸ ਨੂੰ ਸਵੈਮ ਪ੍ਰਕਾਸ ਕਹਿੰਦੇ ਹੈ, ਇਸ ਤਰਾਂ ਆਤਮਾਂ ਵੀ ਹੈ । ਆਤਮਾਂ ਸਵੈਮ ਪ੍ਰਕਾਸ ਹੈ, ਜੋ ਸਦਾ ਅਪਰੋਕਸ ਰੂਪ ਹੋਵੇ, ਉਹ ਸਵੈਮ ਪ੍ਰਕਾਸ ਹੈ ਆਤਮਾਂ ਸਦਾ ਅਪਰੋਕਸ ਰੂਪ ਹੈ, ਤੇ ਪ੍ਰਕਾਸ ਹੋਣ ਕਰਕੇ ਕਿਸੇ ਵੀ ਗਿਆਨ ਦਾ ਵਿਸਾ ਨਹੀਂ ਇਸ ਲਈ ਆਤਮਾਂ ਸਵੈਮ ਪ੍ਰਕਾਸ਼ ਹੈ ।

ਪ੍ਰ;- 148 ਕੂਟਸਥ ਆਤਮਾਂ ਕਿਵੇਂ ਹੈ ?

ਉ ;- ਕੂਟ ਨਾਮ ਲੁਹਾਰ ਦੀ ਆਹਰਨ ਦਾ ਹੈ ਉਸ ਦੀ ਤਰਾਂ ਜੋ ਨਿਰਵਿਕਾਰ (ਅਚੱਲ ਰੂਪ ਵਿਚ ਸਥਿਤ ਹੋਵੇ ਉਹ ਕੂਟਸਥ ਹੈ ) ਜਿਵੇਂ ਲੁਹਾਰ ਅਨੇਕਾਂ ਚੀਜਾਂ ਬਣਾਉਂਦਾ ਹੈ ਪਰ ਆਇਰਨ ਉਵੇਂ ਦਾ ਉਵੇਂ ਹੀ ਰਹਿੰਦਾ ਹੈ ।ਇਸਤਰਾਂ ਮਨਰੂਪੀ ਲੁਹਾਰ ਅਨੇਕ ਤਰਾਂ ਦੇ ਵਿਵਹਾਰ ਰੂਪੀ ਕੰਮ ਕਰਦਾ ਹੈ ਤਾਂ ਵੀ ਆਤਮਾਂ ਜਿਉਂ ਦੀ ਤਿਉਂ ਰਹਿੰਦੀ ਹੈ ਇਸ ਤਰਾਂ ਆਤਮਾਂ ਕੂਟਸਥ ਹੈ ।

ਪ੍ਰ ;- 149 ਸਾਕਸ਼ੀ ਆਤਮਾਂ ਕਿਵੇ ਹੈ ?

ਉ ;- ਲੋਕਾਂਚਾਰੀ ਵਿਹਾਰ ਵਿਚ, ਉਦਾਸੀਨ (ਰਾਗ ਦਵੈਤ ਰਹਿਤ) ਸਮੀਪਵਰਤੀ ਹੋਵੇ ਅਤੇ ਚੇਤਨ ਹੋਵੇ, ਉਹ ਸਾਕਸ਼ੀ ਹੈ, ਇਸ ਲਈ ਆਤਮਾਂ, ਦੇਹ ਆਦਿ ਤੋਂ ਉਦਾਸੀਨ ਹੈ ਅਤੇ ਸਮੀਪਵਰਤੀ ਹੈ । ਚੇਤਨ ਭਾਵ ਅਜੜਪ੍ਰਕਾਸ਼ ਹੈ ਇਸ ਲਈ ਆਤਮਾਂ ਸ਼ਾਕਸੀ ਹੈ । ਅੰਤਾਕਰਨ ਰੂਪੀ ਉਪਾਦੀ ਵਾਲਾ ਚੇਤਨ ਸਾਕਸ਼ੀ ਹੈ ਅੰਤਹਕਰਨ ਅਤੇ ਅੰਤਹਕਰਨ ਦੀ ਵਿਰਤੀ ਵਿਚ ਵਰਤਮਾਨ ਚੇਤਨ ਮਾਤਰ (ਕੇਵਲ ਚੇਤਨ) ਨੂੰ ਸਾਕਸੀ ਕਹਿੰਦੇ ਹਨ । ਇਸ ਤਰਾਂ ਆਤਮਾਂ ਸਾਕਸ਼ੀ ਹੈ ।

ਪ੍ਰ ;-150 ਦ੍ਰਿਸਟਾ ਆਤਮਾਂ ਕਿਵੇ ਹੈ ?

ਉ ;- ਜੋ ਦੇਖਣ ਵਾਲਾ ਹੈ ਓਹ ਦ੍ਰਿਸਟਾ ਹੈ ।ਆਤਮਾਂ ਸਾਰੇ ਦ੍ਰਿਸਾਂ ਨੂੰ ਜਾਨਣ ਵਾਲਾ ਹੈ ਇਸ ਲਈ ਆਤਮਾਂ ਦ੍ਰਿਸਟਾ ਹੈ ।

ਪ੍ਰ ;- 150 ਉਪਦ੍ਰਸਟਾ ਆਤਮਾਂ ਕਿਵੇਂ ਹੈ ?

ਉ ;- ਯਗਮੰਡਲ ਵਿਖੇ ਯਗ ਕਰਨ ਵਾਲੇ 15 ਰਿਤਵਿਜ (ਪਾਠੀ ) ਹੁੰਦੇ ਹਨ ਅਤੇ ਸੋਲਵਾਂ ਯਜਮਾਨ ਹੁੰਦਾ ਹੈ, ਸਤਾਰਵੀ ਯਜਮਾਨ ਦੀ ਇਸਤਰੀ ਹੁੰਦੀ ਹੈ, ਅਠਾਰਵਾਂ ਉਪਦ੍ਰਸਟਾ ਕਹੋ, ਪਾਸ ਬੈਠਕੇ ਵੇਖਣ ਵਾਲਾ, ਉਹ ਕੋਈ ਕੰਮ ਨਹੀਂ ਕਰਦਾ । ਇਸੇ ਤਰਾਂ ਸਥੂਲ ਦੇਹ ਰੂਪੀ ਯਗਮੰਡਲ ਵਿਚ 5 ਗਿਆਨ ਇੰਦ੍ਰੇ, 5 ਕ੍ਰਮ ਇੰਦ੍ਰੇ 5 ਪ੍ਰਾਂਣ ਇਹ ਪੰਦਰਾਂ ਰਿਤਵਿਜ ਹਨ । ਸੋਲਵਾਂ ਮਨ ਰੂਪੀ ਯਜਮਾਨ, 17 ਬੁੱਧੀ ਰੂਪੀ ਯਜਮਾਨਣੀ ਇਹ ਸਾਰੇ ਅਪਣੇ ਅਪਣੇ ਵਿਸ਼ੇ, ਦੇ ਗਰਿਹਣ



Scanned by CamScanner

ਕਰਨ ਰੂਪੀ ਭੋਗਮਈ ਯਗ ਦਾ ਕੰਮ ਕਰਦੇ ਹਨ ਅਤੇ ਇੰਨਾਂ ਸਾਰਿਆਂ ਨੂੰ ਨੇੜੇ ਤੋਂ ਜਾਨਣ ਵਾਲਾ ਆਤਮਾਂ ਉਪਦਰਸਟਾ ਹੈ ।

ਪ੍ਰ ;- 152 ਆਤਮਾਂ ਇੱਕ ਕਿਵੇਂ ਹੈ ?

ਉ;- ਆਤਮਾਂ ਦਾ ਸਜਾਤੀ ( ਸਮਜਾਤੀ ਵਾਲਾ ) ਹੋਰ ਆਤਮਾਂ ਨਹੀਂ ਹੈ ,ਇਸ ਲਈ ਆਤਮਾਂ ਇੱਕ ਹੈ ।

ਪ੍ਰ ;- 153 ਆਤਮਾਂ ਦੇ ਨਿਸੇਧ ਵਿਸ਼ੇਸਣ ਕੇਹੜੇ ਹਨ ?

ਉ ;- 1 ਅਨੰਤ 2 ਅਖੰਡ 3 ਅਸੰਗ 4 ਅਦਵੈਤਯ 5 ਅਜਨਮਾਂ 6 ਨਿਰਵਿਕਾਰ 7 ਨਿਰਾਕਾਰ 8 ਅਵਯਕਤ 9 ਅਵਯ 10 ਅਕਸਰ ਆਦਿ ਹਨ ।

ਪ੍ਰ ;- 154 ਅਨੰਤ ਆਤਮਾਂ ਕਿਵੇਂ ਹੈ ?

ਉ ;- ਆਤਮਾਂ ਵਿਆਪਕ ਹੈ ਇਸ ਲਈ ਆਤਮਾਂ ਦਾ ਦੇਸ ਪੱਖੋਂ ਅੰਤ ਨਹੀਂ ,ਅਤੇ ਜੇਕਰ ਆਤਮਾਂ ਨਿੱਤ ਹੈ ਤਾਂ ਆਤਮਾਂ ਦਾ ਕਾਲ ਤੋਂ ਅੰਤ ਨਹੀਂ, ਅਤੇ ਜੇਕਰ ਆਤਮਾਂ ਅਧਿਸਠਾਨ ਹੋਣ ਕਰਕੇ ਸਭ ਦਾ ਸਵਰੂਪ ਹੈ ਤਾਂ ਆਤਮਾਂ ਦਾ ਵਸਤੂ ਤੋਂ ਅੰਤ ਨਹੀਂ ਅਤੇ ਜੇਕਰ ਆਤਮਾਂ ਦਾ ਦੇਸ ਕਾਲ ਤੇ ਵਸਤੂ ਤੋਂ ਅੰਤ ਨਹੀਂ, ਜਾਂ ਪ੍ਰਿਛੇਦ (ਵਿਭਾਜਨ) ਨਹੀਂ ਤਾਂ ਆਤਮਾਂ ਅਨੰਤ ਹੈ ।

ਪ੍ਰ ;- 155 ਅਖੰਡ ਆਤਮਾਂ ਕਿਵੇਂ ਹੈ ?

ਉ ;- ਜੀਵ ਈਸਵਰ ਦਾ ਭੇਦ, ਜੀਵ ਦਾ ਪ੍ਰਸਪਰ ਭੇਦ, ਜੀਵ ਜੜ੍ਹ ਦਾ ਭੇਦ, ਜੜ ਈਸਵਰ ਦਾ ਭੇਦ, ਜੜ੍ਹ - ਜੜ੍ਹ ਦਾ ਭੇਦ ਇਹ 5 ਭੇਦ ਹਨ । ਇਨਾਂ ਤੋਂ ਆਤਮਾਂ ਰਹਿਤ ਹੈ । ਅਰਥਾਤ ਸਜਾਤੀਯ, ਵਿਜਾਤੀਯ, ਸਵਗਤ ਭੇਦ ਤੋਂ ਆਤਮਾਂ ਰਹਿਤ ਹੈ

ਪ੍ਰ ;- 155 ਅਸੰਗ ਆਤਮਾਂ ਕਿਸ ਤਰਾਂ ਹੈ ?

ਉ ;- ਸੰਗ ਨਾਮ ਸਬੰਧ ਦਾ ਹੈ ।ਸਬੰਧ ਤਿੰਨ ਪ੍ਰਕਾਰ ਦਾ ਹੈ ।ਸਜਾਤੀਯ ( ਸਮਜਾਤ ਸਬੰਧ) ਵਿਜਾਤੀਯ ਸਬੰਧ, ਸਵਗਤ ਸਬੰਧ, ਅਪਣੀ ਜਾਤਿ ਨਾਲ ਜੋ ਸਬੰਧ ਹੈ ਉਹ ਸਜਾਤੀਯ ਸਬੰਧ ਹੈ । ਜੋ ਹੋਰ ਜਾਤਿ ਨਾਲ ਸਬੰਧ ਹੈ, ਉਹ ਵਿਜਾਤੀਯ ਸਬੰਧ ਹੈ । ਜਿਸ ਤਰਾਂ ਬ੍ਰਾਹਮਣ ਦਾ ਸੂਦਰ ਨਾਲ ਸਬੰਧ ਹੈ । ਅਪਣੇ ਆਂਗਨ (ਗਵਾਂਡ) ਵਿਚ ਜੋ ਸਬੰਧ ਹੈ ਉਹ ਸਵਗਤ ਸਬੰਧ ਹੈ । ਆਤਮਾਂ ਚੇਤਨ ਇੱਕ ਹੈ, ਇਸ ਲਈ ਇਸ ਦੀ ਜਾਤੀ ਨਹੀਂ ਹੈ, ਅਤੇ ਜੀਵ ਈਸਵਰ, ਬ੍ਰਹਮਾਂ, ਵਿਸਨੂੰ, ਮੈਂ, ਤੁਮ ਆਦਿ ਭੇਦ ਤਾਂ ਉਪਾਧੀ ਦੇ ਕੀਤੇ ਹਨ ਇਸ ਲਈ ਮਿਥਿਆ ਹੈ । ਇਸ ਲਈ ਆਤਮਾਂ ਦਾ ਕਿਸੇ ਦੇ ਨਾਲ ਸਜਾਤੀਯ ਸਬੰਧ ਨਹੀਂ ਬਣਦਾ ।ਆਤਮਾਂ ਅਦਵੈਤ ਹੈ ਅਤੇ ਸਤ ਹੈ, ਇਸ ਤੋਂ ਵੱਖ ਮਾਇਆ (ਅਗਿਆਨ) ਦਾ ਕੰਮ ਸਥੂਲ, ਸੂਕਸਮ, ਪ੍ਰਪੰਚ ਪ੍ਰਤੀਤ ਹੁੰਦਾ ਹੈ । ਜੋ ਅਸੱਤ ਹੈ ਅਤੇ ਅਸੱਤ ਕੋਈ



Scanned by CamScanner

ਵਸਤੂ ਨਹੀਂ ਤਾਂ ਹੀ ਆਤਮਾਂ ਦਾ ਕਿਸੇ ਦੇ ਨਾਲ ਵਿਜਾਤੀਯ ਸਬੰਧ ਨਹੀਂ ਬਣਦਾ । ਇਸ ਲਈ ਆਤਮਾਂ ਨਿਰਵੈਵ (ਅੰਗ ਰਹਿਤ )ਹੈ , ਅਤੇ ਸਚਦਾਨੰਦ ਆਦਿ ਤਾਂ ਆਤਮਾਂ ਦੇ ਅਵੈਵ ਨਹੀਂ ,ਪ੍ਰੰਤੂ ਇੱਕ ਰੂਪ ਹੋਣ ਕਰਕੇ ਆਤਮਾਂ ਦਾ ਕਿਸੇ ਨਾਲ ਸਵਗਤ ਸਬੰਧ ਨਹੀਂ ਬਣਦਾ ।ਇਸ ਲਈ ਆਤਮਾਂ ਸਾਰੇ ਸਬੰਧਾਂ ਤੋਂ ਰਹਿਤ ਹੈ ਇਸ ਲਈ ਅਸੰਗ ਹੈ ।

ਪ੍ਰ :- 157 ਅਦਵੈਤ ਆਤਮਾਂ ਕਿਸਤਰਾਂ ਹੈ ?

ਉ :- ਦਵੈਤ ਜੋ ਪ੍ਰਪੰਚ ,ਉਹ ਸੁਪਨੇ ਦੀ ਤਰਾਂ ਕਲਪਿਤ ਹੋਣ ਕਰਕੇ ਵਾਸਤਵ ਨਹੀਂ ਹੈ ਇਸ ਲਈ ਆਤਮਾਂ ਦਵੈਤ ਤੋਂ ਰਹਿਤ ਹੋਣ ਕਰਕੇ ਅਦਵੈਤ ਹੈ ।

ਪ੍ਰ :-158 ਅਜਨਮਾਂ ਆਤਮਾਂ ਕਿਵੇਂ ਹੈ ?

ਉ :- ਸਥੂਲ ਦੇਹ ਦਾ ਧਰਮ ਜਨਮ ਹੈ। ਸੂਕਸ਼ਮ ਦਾ ਨਹੀਂ, ਤਾਂ ਆਤਮਾਂ ਦਾ ਧਰਮ ਜਨਮ ਕਿਸ ਤਰਾਂ ਹੋਵੇਗਾ ? ਜੇਕਰ ਆਤਮਾਂ ਦਾ ਜਨਮ ਮੰਨੀਏ ਤਾਂ ਆਤਮਾਂ ਦਾ ਮਰਨ ਵੀ ਹੋਵੇਗਾ ।ਤਾਂ ਤੇ ਆਤਮਾਂ ਅਨਿੱਤ ਸਿੱਧ ਹੋਵੇਗਾ ।ਇਸ ਲਈ ਪ੍ਰਲੋਕਵਾਦੀ ਆਸਤਿਕ ਨੂੰ ਅਨਿਸਠ ਹੈ ( ਅਵਾਂਛਿਤ ਹੈ ) ਕਿਉਂਕਿ ਜਨਮ ਮਰਨ ਵਾਲਾ ਵਸਤੂ ਹੈ ।ਤਿਸਦਾ ਅਦਿ ਅੰਤ ਵਿਖੇ ਅਭਾਵ ਹੈ, ਇਸ ਲਈ ਪੂਰਵ ਜਨਮ ਵਿਖੇ ਆਤਮਾਂ ਨਹੀਂ ਸੀ ਅਤੇ ਤਿਸਦੇ ਕਰਮ ਵੀ ਨਹੀਂ ਸਨ । ਤਾਂ ਇਸ ਜਨਮ ਵਿਖੇ ਆਤਮਾਂ ਨੂੰ ਕਰਮ ਤੋਂ ਬਿਨਾਂ ਭੋਗ ਨਹੀਂ ਹੁੰਦਾ, ਅਤੇ ਮਰਨ ਤੋਂ ਪਿਛੋ ਆਤਮਾਂ ਨਹੀਂ ਹੋਵੇਗਾ ।ਤਾਂ ਹੀ ਇਸ ਜਨਮ ਵਿਖੇ ਕੀਤੇ ਕਰਮ ਦਾ ਭੋਗ ਤੋਂ ਬਿਨਾਂ ਨਾਸ ਹੋਵਗਾ ,ਇਸ ਤਰਾਂ ਵੇਦਾਂ ਦੀ ਨਿਰਾਦਰਤਾ ਹੋਵਗੀ ।ਇਸ ਲਈ ਆਤਮਾਂ ਦਾ ਧਰਮ ਜਨਮ ਨਹੀਂ, ਆਤਮਾਂ ਅਜਨਮਾਂ ਹੈ, ਅਜਨਮਾਂ ਕਹਿਣ ਨਾਲ ਅਰਥ ਅਜਰ ਅਮਰ ਤੋਂ ਸਿੱਧ ਹੋਇਆ ।

ਪ੍ਰ :- 159 ਨਿਰਵਿਕਾਰ ਆਤਮਾਂ ਕਿਵੇਂ ਹੈ ?

ਉ :- ਜਿਸ ਤਰਾਂ ਘੜੇ ਦਾ ਜਨਮ, ਪ੍ਰਗਟਤਾ, ਵਾਧਾ, ਵਿਕਾਸ , ਅਪਕਸ਼ੈ, ਵਿਨਾਸ, ਇਹ ਛੇ ਧਰਮ ਹਨ, ਪ੍ਰੰਤੂ ਘੜੇ ਵਿਚ ਸਥਿਤ ਅਤੇ ਘੜੇ ਤੋਂ ਵੱਖਰਾ ਜੋ ਅਕਾਸ ਹੈ, ਇਸਦੇ ਧਰਮ ਨਹੀਂ ।ਸਰੀਰ ਜਨਮਦਾ ਹੈ, ਇਹ ਜਨਮ ਹੈ ।ਇਹ ਅਸਤਪਣਾਂ ਹੈ (ਪਹਿਲਾਂ ਨਹੀਂ ਹੁਣ ਹੈ ) ਸਰੀਰ ਬਾਲਕ ਬਣਿਆ ਇਹ ਵਿਰਧੀ ਹੈ, ਜਵਾਨ ਹੋਇਆ ਇਹ ਵਿਪਰਿਣਾਮ ਹੈ। ਸਰੀਰ ਬੁੱਢਾ ਹੋਇਆ ,ਇਹ ਅਪਕਸ ਹੈ, ਸਰੀਰ ਮਰ ਗਿਆ ,ਇਹ ਵਿਨਾਸ ਹੈ ।ਇਹ ਛੇ ਸਰੀਰ ਦੇ ਧਰਮ ਹਨ, ਸਰੀਰ ਨੂੰ ਜਾਨਣ ਵਾਲਾ ਅਤੇ ਸਰੀਰ ਤੋਂ ਵੱਖ ਜੋ ਆਤਮਾਂ ਹੈ ।ਉਸ ਦੇ ਧਰਮ ਨਹੀਂ ਇਹਨਾਂ ਛੇ ਤੋਂ ਅਲੱਗ, ਆਤਮਾਂ ਨਿਰਵਿਕਾਰ ਹੈ ।



Scanned by CamScanner

ਪ੍ਰ ;- 160 ਨਿਰਾਕਾਰ ਆਤਮਾਂ ਕਿਵੇ ਹੈ ?

ਉ ;- ਸਥੂਲ, ਸੂਕਸਮ, ਲੰਬਾ, ਛੋਟਾ ਇਹ ਚਾਰ ਪ੍ਰਕਾਰ ਦੇ ਜਗਤ ਵਿਚ ਅਕਾਰ ਹਨ । ਆਤਮਾਂ , ਇੰਦਰੀਆਂ ਅਤੇ ਮਨ ਦਾ ਵਿਸਾ ਨਾਂ ਹੋਣ ਕਰਕੇ ਸੂਕਸ਼ਮ ਹੈ ।ਇਸ ਲਈ. ਸਥੂਲ ਨਹੀਂ ,ਆਤਮਾਂ ਵਿਆਪਕ ਹੈ ।ਇਸ ਲਈ ਸੂਕਸ਼ਮ ਨਹੀਂ ਲੰਬਾ ਛੋਟਾ ਨਹੀਂ । ਇਸ ਲਈ ਆਤਮਾਂ ਨਿਰਾਕਾਰ ਹੈ ।

ਪ੍ਰ;- 161 ਅਵਯਕਤ ਆਤਮਾਂ ਕਿਵੇਂ ਹੈ ?

ਉ ;- ਆਤਮਾਂ ਜਿਸ ਤਰਾਂ ਮਨ ਇੰਦਰੀਆਂ ਆਦਿ ਦਾ ਅਗੋਚਰ ਹੋਣ ਕਰਕੇ ਅਸਪਸਟ ਹੈ । ਇਸ ਲਈ ਆਤਮਾਂ ਅਵਯਕਤ ਹੈ ।(ਇਦਰੀਆਂ ਨਾਲ ਨਾਂ ਦਿਸਣ ਵਾਲਾ)

ਪ੍ਰ ;- 162 ਅਵਯ ਆਤਮਾਂ ਕਿਵੇਂ ਹੈ ?

ਉ ;- ਜਿਸ ਤਰਾਂ ਝੋਨੇ ਦੇ ਕੋਠੇ ਵਿਚੋਂ ਜੇਕਰ ,ਝੋਨਾਂ ਕੱਢ ਲਿਆ ਜਾਵੇ ਤਾਂ ਉਹ ਘਟ ਜਾਂਦਾ ਹੈ।

ਇਸ ਤਰਾਂ ਆਤਮਾਂ ਦਾ ਘਾਟਾ ਨਹੀਂ ਹੁੰਦਾ ।ਆਤਮਾਂ ਇਸ ਕਰਕੇ ਅਵਯ ਹੈ ।

ਪ੍ਰ ;-163 ਆਤਮਾਂ ਅੱਖਰ ਕਿਵੇਂ ਹੈ (ਨਾਸ ਰਹਿਤ ) ?

ਉ ;- ਆਤਮਾਂ ਜੇਕਰ ਨਾਸ ਰਹਿਤ ਕਹੀਏ ਤਾਂ ਆਤਮਾਂ ਅਕਸਰ ਹੈ ਇਸੇ ਨੂੰ ਅਕਸਯ ਅੰਮ੍ਰਿਤ ਅਤੇ ਅਵਿਨਾਸੀ ਵੀ ਕਹਿੰਦੇ ਹਨ ।

ਪ੍ਰ ;-164 ਇਹ ਜੋ ਆਤਮਾਂ ਦੇ ਵਿਸੇਸ਼ਣ ਕਹੇ ਹਨ ,ਉਹ ਪ੍ਰਸਪਰ ਅਭਿੰਨ ਕਿਸ ਤਰਾਂ ਨਾਲ ਹਨ ?

ਉ ;- ਸਚਦਾਨੰਦ ਆਦਿ ਜੋ ਆਤਮਾਂ ਦੇ ਗੁਣ ਹੋਨ ਤਾਂ ਉਹ ਪ੍ਰਸਪਰ ਭਿੰਨ ਹੋਨ ਅਤੇ ਇਹ ਆਤਮਾਂ ਦੇ ਗੁਣ ਨਹੀਂ, ਪ੍ਰੰਤੂ ਸਵਰੂਪ ਹੈ ,ਇਸ ਲਈ ਪ੍ਰਸਪਰ ਭਿੰਨ ਨਹੀਂ ਪ੍ਰੰਤੂ ਅਭਿੰਨ ਹਨ ਅ਼ਤੇ ਇੱਕ ਹੀ ਆਤਮਾਂ ਨਾਸ ਰਹਿਤ ਹੈ ।ਇਸ ਲਈ ਸਤ ਹੈ ਅਤੇ ਜੜ ਤੋਂ ਵੱਖ ਪ੍ਰਕਾਸਰੂਪ ਹੈ, ਇਸ ਲਈ ਚਿੱਤ ਕਹੋ, ਦੁੱਖ ਤੋਂ ਵੱਖ ਮੁੱਖ ਪ੍ਰੀਤੀ ਦਾ ਵਿਸਾ ਹੈ, ਇਸ ਲਈ ਅਨੰਦ ਕਹੋ । ਇਸ ਤਰਾਂ ਸਾਰੇ ਵਿਸੇਸਣਾਂ ਸਬੰਧੀ ਜਾਣੋਂ ।**ਦ੍ਰਿਸਟਾਂਤ** ;- ਜਿਸ ਤਰਾਂ ਇੱਕ ਹੀ ਪੁਰਸ਼ ਪਿਤਾ ਦੀ ਨਜਰ ਵਿਚ ਪੁੱਤਰ ,ਦਾਦੇ ਦੀ ਨਜਰ ਵਿਚ ਪੋਤਰਾ, ਮਾਮੇਂ ਦੀ ਨਜਰ ਵਿਚ ਭਾਣਜਾ ਹੈ, ਇਸੇ ਤਰਾਂ ਇੱਕ ਹੀ ਸਨਿਆਸੀ, ਪਸੂ, ਇਸਤਰੀ, ਗ੍ਰਹਿਸਤੀ, ਆਦਿ ਦੀ ਨਜਰ ਤੋਂ ਮਨੁੱਖ ਨੂੰ ਪੁਰਸ, ਤਿਆਗੀ, ਦੰਡੀ ਆਦਿ, ਵਿਦੇਹ ਵਿਸ਼ੇਸਣਾਂ ਕਰਕੇ ਕਹਿੰਦੇ ਹਨ ਅਤੇ ਘੜਾ ਪੱਥਰ ਦਰਖਤ ਅਦਿ ਦੀ ਦ੍ਰਿਸਟੀ ਨਾਲ ਅਘਟ, ਅਪਸਾਨ, ਅਬ੍ਰਿਛ ਆਦ ਨਿਸੇਦ ਵਿਸ਼ੇਸਣਾਂ ਕਰਕੇ ਕਹਿੰਦੇ ਹਨ ।ਇਸ ਤਰਾਂ ਇੱਕ ਹੀ ਆਤਮਾਂ ਪ੍ਰਪੰਚ ਦੇ ਵਿਸੇਸਣ, ਅਸੱਤ, ਜੜ ,ਆਦਿ ਅਤੇ ਅਨੰਤ



Scanned by CamScanner

ਦੁੱਖ, ਅੰਤ ,ਅਖੰਡ , ਸੰਗ ਆਦਿ ਦੀ ਦ੍ਰਿਸਟੀ ਨਾਲ , ਸਤ- ਚਿਤ੍ ਅਨੰਦ ਆਦਿ ਕਹੋ ।ਇਸਤਰਾਂ ਕਹੇ ਜੋ ਆਤਮਾਂ ਦੇ ਵਿਸ਼ੇਸਣ ,ਉਹ ਪ੍ਰਸਪਰ ਭਿੰਨ ਨਹੀ; ਪ੍ਰੰਤੂ ਅਭਿੰਨ ਹਨ ।

## ਅੱਠਵੀਂ ਕਲਾ ਸੁਰੂ (ਸਤ ਚਿਤ ਅਨੰਦ ਦਾ ਵਿਸੇਸ ਵਰਨਣ )

(ਇੰਦ੍ਰਵਿਜਯ ਛੰਦ )

ਸਚਿਦਾਨੰਦ ਸਰੂਪਹਿ ਮੈਂ ਯਹਿ ।ਸਦਗੁਰੂ ਕੇ ਮੁੱਖਸੇ ਪਹਿਚਾਨਿਓ ।।
ਜਾਗਰਤ ਸਵਪਨ ਸੁਸੁਪਤਿ ਜੁ ਆਦਿ ।ਤੀਨਹੂੰ ਕਾਲਹਿਮੈ ਪਰਮਾਨਿਓ ।।
ਜਾਗ੍ਰਤ ਅਦਿ ਲਯਾਵਿਦ ਤੀਨਹੂੰ ।ਕਾਲਹਿ ਹਸ ਇਸਤੇ ਸਤ ਮਾਨਿਓ ।।
ਤੀਨਹੂੰ ਕਾਲ ਵਿਖੇ ਸਭ ਜਾਨਹੂੰ ।ਯਾਹਿਤ ਮੇਂ ਚਿਦਰੂਪ ਜਾਨਿਓ ।।
ਮੈਂ ਪ੍ਰਿਯ ਹੂੰ ਧਨ ਪੁੱਤਰ ਪੁਦਗਲ ।ਆਦਿਕ ਤੈ ਤ੍ਰੈ ਕਾਲ ਅਗਾਨਿਯੋ ।।
ਆਤਮਅਰਥ ਸਭੇ ਪ੍ਰਿਯ ਆਤਮ । ਆਪਹਿਤ ਹੈ ਪ੍ਰਿਯ ਦੁੱਖ ਨਸਾਨਿਓ ।।
ਯਾਂਹਿਤ ਮੈਂ ਸਭਤੈ ਪ੍ਰਿਯਤਮ ਰੁ । ਹੋ ਪ੍ਰਮਾਂਨੰਦ ਦੁੱਖਹਿ ਭਾਨਿਓ ।।
ਦੇਹ ਦਸਾਦਿ ਅਤੀਤ ਸੁ ਆਤਮਾਂ । ਪੂਰਣਬ੍ਰਹਮ ਪੀਤਾਂਬਰ ਗਾਨਿਓ ।।

ਪ੍ਰ ;- 165 ਸਤ ਕੀ ਹੈ ?
ਉ ;- ਤਿੰਨ ਕਾਲਾਂ ਵਿਚ ਜੋ ਅਵਾਦਿਤ (ਸੱਚ ਹੋਵੇ) ਉਹ ਸਤ ਹੈ ।
ਪ੍ਰ ;-166 ਚਿੱਤ੍ਰ ਕੀ ਹੈ ?
ਉ ;- ਜੋ ਤਿੰਨ ਕਾਲਾਂ ਵਿਚ ਸਭ ਨੂੰ ਜਾਣਦਾ ਹੈ , ਓਹ ਚਿੱਤ ਹੈ ।
ਪ੍ਰ ;- 167 ਅਨੰਦ ਕੀ ਹੈ ?
ਉ ;- ਤਿੰਨ ਕਾਲ ਵਿਚ ਜੋ ਪਰਮ ਪ੍ਰੇਮ ਦਾ ਵਿਸ਼ਾ ਹੋਵੇ ਉਹ ਅਨੰਦ ਹੈ ।
ਪ੍ਰ ;- 168 ਮੈਂ ਸਤ ਹਾਂ ਇਹ ਕਿਵੇਂ ਜਾਣੋ ?
ਉ ;- ਤਿੰਨ ਕਾਲ ਵਿਚ ਮੈਂ ਹਾਂ । ਇਸ ਲਈ ਮੈਂ ਸਤ ਹਾਂ ।
ਪ੍ਰ ;- 169 ਤਿੰਨ ਕਾਲ ਵਿਖੇ ਮੈਂ ਹਾਂ, ਇਸ ਲਈ ਸਤ ਹਾਂ, ਕਿਵੇਂ ਜਾਣੋਂ ?
ਉ ;- ਜਾਗਦੇ ਸਮੇ ਮੈਂ ਹਾਂ, ਸੁਪਨੇ ਵਿਖੇ ਹਾਂ, ਸੁਸ਼ਪਤਿ ਵਿਖੇ ਹਾਂ ਇਸੇ ਤਰਾਂ ਸਵੇਰ ਸਮੇਂ ਸ਼ਾਮ ਸਮੇਂ ਮੈਂ ਹਾਂ । ਇਸੇ ਤਰਾਂ ਦਿਨ, ਰਾਤ, ਪੱਖ, ਮਹੀਨੇਂ ਰੁੱਤ, ਸਾਲ, ਵਿਖੇ ਮੈਂ ਹਾਂ । ਇਸੇ ਤਰਾਂ ਬਾਲ, ਜੁਆਨੀ, ਬ੍ਰਿਧ ਅਵਸਥਾ ਵਿਖੇ ਮੈਂ ਹਾਂ, ਇਸੇ ਤਰਾਂ ਪੂਰਵ ਦੇਹ, ਇਸ ਦੇਹ, ਭਾਵੀ ਦੇਹ ਵਿਖੇ ਮੈਂ ਹਾਂ । ਇਸ ਤਰਾਂ ਯੁੱਗ, ਮਨੂ, ਕਲਪ ਵਿਖੇ ਮੈਂ



Scanned by CamScanner

ਹਾਂ ਇਸੇ ਤਰਾਂ ਭੂਤਕਾਲ, ਵਰਤਮਾਨ, ਭਵਿੱਖ ਕਾਲ, ਵਿਖੇ ਮੈਂ ਹਾਂ ।ਮੈਂ ਇਸ ਲਈ ਸਤ ਹਾਂ

ਪ੍ਰ :- 170 ਮੇਰੇ ਤੋਂ ਵੱਖ ਨਾਂਮ ਰੂਪ ਵਸਤੂ ਸਹਿਤ, ਤਿੰਨ ਕਾਲ ਕੀ ਜਾਣੋਂ ?

ਉ :- ਮੇਰੇ ਤੋਂ ਵੱਖ ਨਾਂਮ ਰੂਪ ਵਸਤੂ ਸਹਿਤ ਤਿੰਨ ਕਾਲ ਅਸੱਤ ਹੈ, ਇਹ ਜਾਣੋਂ ।

ਪ੍ਰ :- 171 ਸਤ ਅਸੱਤ ਦਾ ਨਿਰਣਾਂ ਕਿਸ ਨਾਲ ਹੁੰਦਾ ਹੈ ?

ਉ :- ਸਤ ਅਸਤ ਦਾ ਨਿਰਣਾਂ, ਅਨਵਿਯ ਵਿਅਤੀਰੇਕ ਯੁਕਤੀ ਨਾਲ ਹੁੰਦਾ ਹੈ ।

ਪ੍ਰ :- 172 ਸਤ ਅਸਤ ਦੇ ਨਿਰਣੇ ਵਿਖੇ ਅਨਵਿਯ ਵਿਅਤੀਰੇਕ ਯੁਕਤੀ ਕਿਵੇਂ ਜਾਣੋਂ ?

| ਉ :- **ਮੈਂ ਹਰ ਸਮੇਂ ਹਾਂ -** | **ਮੇਰੇ ਵਿਚ ਨਹੀਂ -** | **ਅਸਤ ਕੀ ਹੈ** | **- ਸਤ ਕੀ ਹੈ** |
|---|---|---|---|
| ਜਾਗਦੇ, ਸੁਪਨੇ ਸਮੇਂ | ਜਾਗ੍ਰਤ ਸਵਪਨ | ਜਾਗਣ, ਸੁਪਨਾਂ | ਮੈਂ ਸਤ ਹਾਂ |
| ਸਵਪਨ, ਸੌਣ ਸਮੇਂ | ਸਵਪਨ, ਸੌਣਾਂ | ਸਵਪਨ, ਸੌਣਾਂ | .. |
| ਸੁਸ਼ਪਤਿ, ਸਵੇਰੇ ਸਮੇਂ | ਸੁਸਪਤਿ ਸਵੇਰ | ਸੁਸਪਤਿ ਸਵੇਰ | .. |
| ਪ੍ਰਾਂਤਕਾਲ, ਦਪਿਹਰ, ਸ਼ਾਮ, | ਪ੍ਰਾਂਤ, ਦਪਿ, ਸ਼ਾਮ, | ਪ੍ਰਾਂਤ, ਦਪਿ, ਸ਼ਾਮ | .. |
| ਦਿਨ,ਰਾਤ,ਪੱਖ,ਮਹੀਨਾਂ | ਦਿਨ,ਰਾਤ,ਪੱਖ,ਮਹੀਨਾਂ | ਦਿਨ,ਰਾਤ,ਪੱਖ,ਮਹੀਨਾਂ | .. |
| ਰੁੱਤ,ਵਰਸ਼,ਬਾਲਅਵਸਥਾ | ਰੁੱਤ,ਵਰਸ਼,ਬਾਲਅਵਸਥ | ਰੁੱਤ,ਵਰਸ਼,ਬਾਲਅਵਸਥਾ | .. |
| ਜੋਬਨ,ਬ੍ਰਿਧ,ਤਿੰਨ ਦੇਹ | ਜੋਬਨ,ਬ੍ਰਿਧ,ਤਿੰਨ ਦੇਹ | ਜੋਬਨ,ਬ੍ਰਿਧ,ਤਿੰਨ ਦੇਹ | .. |
| ਯੁੱਗ,ਮੰਨੂੰ,ਕਲਿਪ, | ਯੁੱਗ,ਮੰਨੂੰ ,ਕਲਿਪ | ਯੁੱਗ ਮੰਨੂ ਕਲਿਪ | .. |
| ਤਿੰਨ ਕਾਲ | ਤਿੰਨ ਕਾਲ | ਤਿੰਨ ਕਾਲ | .. |

ਪ੍ਰ:- 173 ਮੈਂ ਚਿੱਤ ਕਿਸ ਤਰਾਂ ਹਾਂ ?

ਉ :- ਤਿੰਨ ਕਾਲਾਂ ਸਬੰਧੀ ਮੈਂ ਜਾਣਦਾ ਹਾਂ ਇਸ ਲਈ ਮੈਂ ਚਿੱਤ ਹਾਂ ।

ਪ੍ਰ :-174 ਤਿੰਨਾਂ ਕਾਲਾਂ ਸਬੰਧੀ ਮੈਂ ਜਾਣਦਾ ਹਾਂ ਇਸ ਲਈ ਮੈਂ ਚਿੱਤ ਹਾਂ ਕਿਵੇਂ ਜਾਣੋਂ ?

ਉ :- ਅੱਗੇ ਲਿਖਿਆਂ ਸਾਰਿਆਂ ਨੂੰ ਮੈਂ ਜਾਣਦਾ ਹਾਂ ।

ਜਾਗ੍ਰਤ, ਸਾਉਣ, ਸੁਪਨਾਂ, ਸਵੇਰ, ਦਪਹਿਰ, ਦਿਨ ਰਾਤ, ਪੱਖ, ਮਹੀਨਾਂ, ਰੁੱਤਾਂ, ਸਾਲ, ਬਾਲ, ਜੁਆਨੀ, ਬ੍ਰਿਧ ਅਵਸਥਾ । ਪਹਿਲੀ ਦੇਹ, ਹੁਣ ਵਾਲੀ ਦੇਹ, ਆਉਣ ਵਾਲੀ ਦੇਹ । ਯੁੱਗ ਮਨੂੰ, ਕਲਿਪ, ਤਿੰਨ ਕਾਲ । ਮੈਂ ਇੰਨਾਂ ਸਾਰਿਆਂ ਨੂੰ ਜਾਣਦਾ ਹਾਂ ਇਸ ਲਈ ਮੈਂ ਚਿੱਤ ਹਾਂ ।

ਪ੍ਰ :-175 ਮੇਰੇ ਤੋਂ ਵੱਖ ਨਾਂਮ, ਰੂਪ, ਵਸਤੂ ਸਹਿਤ ਤਿੰਨ ਕਾਲ ਕੀ ਜਾਣੋਂ ?

ਉ :- ਮੇਰੇ ਤੋਂ ਭਿੰਨ ਤਿੰਨ ਕਾਲ ਨਾਂਮ-ਰੂਪ-ਵਸਤੂ ਸਹਿਤ ਜੜ੍ਹ ਹੈ ਇਹ ਜਾਣੋਂ ।

ਪ੍ਰ :-176 ਚਿੱਤ ਅਤੇ ਜੜ੍ਹ ਦਾ ਫੈਸਲਾ ਕਿਸ ਤੋਂ ਹੁੰਦਾ ਹੈ ?

ਉ :- ਅਨਵਿਯਤੀਰੇਕ ਰੂਪ (ਨਿਰਣਾਂ ਕਰਕੇ) ਯੁਕਤਿ ਨਾਲ ਹੁੰਦਾ ਹੈ ।



Scanned by CamScanner

ਪ੍ਰ :- 177 ਚਿੱਤ ਅਤੇ ਜੜ੍ਹ ਦੇ ਫੈਸਲੇ ਵਾਸਤੇ ਅਨਵਿਯਤਰੇਕ ਯੁਕਤੀ ਕਿਵੇਂ ਜਾਣੈਂ ?

ਉ :- ਜਿਵੇਂ ਮੈਂ ਜਾਗਦੀ ਅਵਸਥਾ ਨੂੰ ਜਾਣਦਾ ਹਾਂ, ਓਸੇ ਤਰਾਂ ਸੁਪਨੇ ਨੂੰ, ਨੀਂਦ ਨੂੰ ਜਾਣਦਾ ਹਾਂ । ਇਸ ਲਈ ਮੈਂ ਚਿੱਤ ਹਾਂ । ਜਾਗ੍ਰਤ ਮੈਨੂੰ ਨਹੀਂ ਜਾਣਦੀ, ਇਸ ਲਈ ਜੜ ਹੈ । ਜਿਵੇ ਮੈਂ ਸੁਪਨੇ ਦੀ ਅਵਸਥਾ ਨੂੰ ਜਾਣਦਾ ਹਾਂ, ਓਵੇ ਹੀ ਨੀਂਦ ਨੂੰ ਜਾਣਦਾ ਹਾਂ, ਇਸ ਲਈ ਮੈਂ ਚਿੱਤ ਹਾਂ । ਸੁਪਨਾਂ ਮੈਨੂੰ ਨਹੀਂ ਜਾਣਦਾ, ਸੋ ਜੜ੍ਹ ਹੈ ਇਸ ਤਰਾਂ ਚਿੱਤ ਅਤੇ ਜੜਦੇ ਨਿਰਣੇ ਸਬੰਧੀ ਅਨਵਿਯਤੀਰੇਕ ਰੂਪ ਯੁਕਤੀ ਜਾਣੋਂ ।

ਪ੍ਰ :- 178 ਅਨੰਦ ਮੈਂ ਕਿਵੇਂ ਹਾਂ ?

ਉ :- ਤਿੰਨ ਕਾਲਾਂ ਵਿਚ ਮੈਂ ਪ੍ਰਮ ਪ੍ਰਿਯ ਹਾਂ, ਇਸ ਲਈ ਅਨੰਦ ਹਾਂ ।

ਪ੍ਰ :-179 ਤਿੰਨ ਕਾਲਾਂ ਵਿਚ ਮੈਂ ਪ੍ਰਮ ਪ੍ਰਿਯ ਹਾਂ ਇਸ ਲਈ ਅਨੰਦ ਹਾਂ ਕਿਵੇਂ ਜਾਣੋਂ ?

ਉ :- ਮੈਂ ਪ੍ਰਿਯ ਹਾਂ, ਜਾਗਦੇ ਸਮੇਂ -ਸਪਨੇ ਵਿਖੇ -ਸਵੇਰੇ ਵਿੱਖੇ - ਦੁਪਹਿਰ ਅਤੇ ਸਾਮ ਸਮੇਂ, ਰਾਤ ਸਮੇਂ, ਪਕਸ, ਮਹੀਨਾਂ, ਰੁੱਤ, ਸਾਲ, ਤਿੰਨ ਅਵਸਥਾਵਾਂ, ਤਿੰਨ ਕਾਲ, ਤਿੰਨ ਦੇਹ , ਯੁੱਗ, ਮਨੂ ਅਤੇ ਕਲਪਿ ਸਮੇਂ ਮੈਂ ਪ੍ਰਿਯ ਹਾਂ ਇਸ ਲਈ ਮੈਂ ਅਨੰਦ ਹਾਂ ।

ਪ੍ਰ :- 180 ਮੇਰੇ ਤੋਂ ਵੱਖ ਨਾਂਮ - ਰੂਪ -ਵਸਤੂ ਸਹਿਤ ਤਿੰਨ ਕਾਲ ਕੀ ਹਨ ?

ਉ :- ਮੇਰੇ ਤੋਂ ਵੱਖ ਨਾਂਮ-ਰੂਪ-ਵਸਤੂ ਸਹਿਤ ਤਿੰਨਾਂ ਕਾਲਾਂ ਵਿਚ ਦੁੱਖ ਹੈ ,ਇਹ ਜਾਣੋਂ।

ਪ੍ਰ :-181 ਅਨੰਦ ਅਤੇ ਦੁੱਖ ਦਾ ਨਿਰਣਾਂ ਕਿਵੇਂ ਹੁੰਦਾ ਹੈ ?

ਉ :- ਅਨੰਦ ਅਤੇ ਦੁੱਖ ਦਾ ਨਿਰਣਾਂ ਅਨਵਿਅਤੀਰਿਕ ਯੁਕਤੀ ਤੋਂ ਹੁੰਦਾ ਹੈ ।

ਪ੍ਰ :-182 ਅਨਵਿਅਤੀਰੇਕ (ਨਿਰਣਾਂ ਕਰਕੇ ) ਯੁਕਤੀ ਕਿਵੇਂ ਜਾਣੋਂ ?

ਉ :- ਜੋ ਮੈਂ ਜਾਗ੍ਰਤ ਵਿਖੇ ਪ੍ਰਮ ਪਿਆਰਾ ਹਾਂ ਇਸ ਲਈ ਅਨੰਦ ਹਾਂ ।ਜਾਗਣਾ ਮੈਨੂੰ ਪਿਆਰਾ ਨਹੀਂ ਇਸ ਲਈ ਦੁੱਖ ਹੈ । ਇਸ ਤਰਾਂ ਅਨੰਦ ਅਤੇ ਦੁੱਖ ਦੇ ਨਿਰਣੇ ਸਬੰਧੀ ਅਨਵਿਯਤੀਰੇਕ ਯੁਕਤੀ ਜਾਣੋਂ । (ਨਿਰਣੇ ਨਾਲ ਸਤ - ਅਸੱਤ ਰੂਪ ਜਾਣਨਾਂ)

ਪ੍ਰ :- 183 ਮੈਂ ਪ੍ਰਮ ਪਿਆਰਾ ਹਾਂ ਇਹ ਕਿਵੇਂ ਜਾਣੋਂ ?

ਉ :- **ਦ੍ਰਿਸ਼ਟਾਂਤ** ;- ਜਿਸ ਤਰਾਂ ਪੁੱਤਰ ਦੇ ਮਿੱਤਰ ਵਿਚ ਪ੍ਰੀਤ ਹੁੰਦੀ ਹੈ, ਉਹ ਪੁੱਤਰ ਵਾਸਤੇ ਹੀ ਹੁੰਦੀ ਹੈ । ਜੋ ਪੁੱਤਰ ਦੀ ਪ੍ਰੀਤ ਹੈ ਉਹ ਮਿੱਤਰ ਵਾਸਤੇ ਨਹੀਂ ਇਸ ਲਈ ਪੁੱਤਰ ਜਿਆਦਾ ਪਿਆਰਾ ਹੈ । ਧਨ ਪੁੱਤਰ ਆਦ ਵਾਸਤੇ ਜੋ ਪ੍ਰੀਤੀ ਹੈ, ਉਹ ਆਤਮਾਂ ਵਾਸਤੇ ਹੈ, ਅਤੇ ਜੋ ਆਤਮਾਂ ਵਾਸਤੇ ਪ੍ਰੀਤ ਹੈ ਉਹ ਧਨ ਪੁੱਤਰ ਆਦਿ ਵਾਸਤੇ ਨਹੀਂ ਇਸ ਲਈ ਆਤਮਾਂ ਅਤਿ ਪਿਆਰੀ ਹੈ ਇਸ ਤਰਾਂ ਮੈਂ ਪ੍ਰਮ ਪ੍ਰਿਯ ਹਾਂ।

ਪ੍ਰ :- 184 ਪ੍ਰੀਤ ਦਾ ਨਿਉਨ-ਅਧਿਕ, (ਘੱਟ ਵੱਧ) ਭਾਵ ਕਿਵੇਂ ਜਾਣੋਂ ?

ਉ :- ਜਾਗਦੇ ਸਮੇਂ ਸਭ ਤੋਂ ਪਿਆਰਾ ਦ੍ਰਵ (ਧਨ ਦੌਲਤ ਹੈ) ਇਸ ਲਈ ਧਨ ਦੌਲਤ ਵਾਸਤੇ ਪੁਰਸ, ਅਪਣਾ ਦੇਸ ਛੱਡਕੇ ਪ੍ਰਦੇਸ ਜਾਂਦਾ ਹੈ ਅਤੇ ਅਨੇਕ ਨੀਚ ਕੰਮ ਕਰਦਾ ਹੈ । ਇਸ ਲਈ ਦ੍ਰਵ ਪਿਆਰਾ ਹੈ ।ਦ੍ਰਵ ਤੋਂ ਪੁੱਤਰ ਪਿਆਰਾ ਹੈ, ਜੇਕਰ



Scanned by CamScanner

ਪੁੱਤਰ ਮਾੜੇ ਕੰਮ ਕਰਕੇ ਜੇਲ ਵਿਚ ਫਸ ਜਾਵੇ ਤਾਂ ਉਸ ਨੂੰ ਧਨ ਦੇਕੇ ਛੁਡਾਉਂਦਾ ਹੈ ।ਇਸ ਲਈ ਧਨ ਤੋਂ ਪੁੱਤਰ ਪਿਆਰਾ ਹੈ । ਪੁੱਤਰ ਤੋਂ ਸਰੀਰ ਪਿਆਰਾ ਹੈ ;- ਜਦੋਂ ਦੁਸਟ ਕਾਲ (ਬੁਰਾ ਸਮਾਂ) ਆਵੇ ਤਾਂ ਪੁੱਤਰ ਨੂੰ ਵੇਚਕੇ ਸਰੀਰ ਦਾ ਨਿਰਵਾਹ ਕਰਦਾ ਹੈ ਇਸ ਲਈ ਪੁੱਤਰ ਤੋਂ ਸਰੀਰ ਪਿਆਰਾ ਹੈ । ਸਰੀਰ ਤੋਂ ਇੰਦਰੀਆਂ ਪਿਆਰੀਆਂ ਹਨ :- ਜਦੋ ਕੋਈ ਮਾਰਨ ਨੂੰ ਆਵੇ ਤਾਂ ਇੰਦਰੀਆਂ ਨੂੰ ਛੁਪਾਉਦਾ ਹੈ, ਸਰੀਰ ਅੱਗੇ ਕਰਦਾ ਹੈ ਪ੍ਰੰਤੂ ਅੱਖ ਕੰਨ ਨੱਕ ਮੁੱਖ ਤੇ ਨਹੀਂ ਮਾਰਨ ਦਿੰਦਾ । ਇੰਦਰੀਆਂ ਤੋਂ ਪ੍ਰਾਣ ਪ੍ਰਿਯ ਹੈ :- ਮਾੜੇ ਕਰਮ ਕਰਨ ਕਰਕੇ ਜਦੋਂ ਕਿਸੇ ਨੂੰ ਰਾਜੇ ਵੱਲੋ ਸਜਾ ਮਿਲੇ ਕਿ ਇਸ ਦੇ ਪ੍ਰਾਂਣ ਲੈ ਲਵੋ ਤਾਂ ਕਹਿਤਾ ਹੈ ਕਿ ਮੇਰੇ ਧਨ ਪੁੱਤਰ ਇਸਤਰੀ ਆਦਿ ਲੁੱਟ ਲਓ । ਜਾਂ ਮੇਰਾ ਕੋਈ ਅੰਗ ਕੱਟ ਲਓ ਪ੍ਰੰਤੂ ਮੇਰੇ ਪ੍ਰਾਂਣ ਨਾਂ ਲਓ ਇਸ ਤਰਾਂ ਪ੍ਰਾਂਣ ਇੰਦਰੀਆਂ ਤੋਂ ਪਿਆਰਾ ਹੈ । ਪ੍ਰਾਂਣ ਤੋਂ ਆਤਮਾਂ ਪਿਆਰੀ ਹੈ ;- ਜਦੋ ਕਿਸੇ ਨੂੰ ਅਤਸਯ ਵਿਆਧੀ (ਨਾਂ ਠੀਕ ਹੋਣ ਵਾਲਾ ਰੋਗ) ਕਰਕੇ ਪੀੜਾ ਹੁੰਦੀ ਹੈ ਤਾਂ ਕਹਿੰਦਾ ਹੈ ਕਿ ਜੇਕਰ ਮੇਰੇ ਪ੍ਰਾਂਣ ਜਾਣ ਤਾਂ ਮੈਂ ਸੁਖੀ ਹੋਵਾਂ ਇਸ ਲਈ ਪ੍ਰਾਂਣ ਤੋਂ ਆਤਮਾਂ ਪਿਆਰੀ ਹੈ । ਇਸ ਤਰਾਂ ਪ੍ਰੀਤ ਦਾ ਨਿਊਨ - ਅਧਿਕ ਭਾਵ ਜਾਣੋਂ ।

**ਨੌਵੀਂ ਕਲਾ ਸੁਰੂ** (ਅਵਾਦਯਸਿਧਾਂਤ ਵਰਨਣ) ਇੰਦ੍ਰ ਵਿਜਯ ਛੰਦ

ਬ੍ਰਹਮ ਅਹੈ ਮਨਬਾਨਿ ਅਗੋਚਰ । ਸਾਸਤਰ ਰੂ ਸੰਤ ਕਹੈ ਅਰੁ ਧਿਆਵੈ ।।
ਵੇਦ ਬਦੇ ਲਛਨਾਂਦਿ ਕਰੀਤ ਰੂ । ਵਿਰਤਿ ਵਿਆਪਤਿ ਜਨੋ ਮਨ ਲਾਵੈ ।।
ਹੈ ਜੂ ਸਦਾਦਿਵਿਧੇਯ ਵਿਸੇਸਣ । ਵੇ ਅਸਦਾਦਿਕ ਭਿੰਨ ਕਹਾਵੈ ।।
ਸਤਯ ਅਪੇਕਸਿਕ ਆਦਿ ਵਿਰੋਧ ਜੁ । ਅੰਸ ਤਜੀ ਪ੍ਰਮਾਰਥ ਲਖਾਵੈ ।।
ਹੈ ਜੁ ਅਨੰਤ,ਅਖੰਡ,ਅਸੰਗ ਰੁ । ਅਦਵਯ ਆਦਿ ਨਿਸੇਦਯ ਰਹਾਵੈ ।।
ਵੇ ਪ੍ਰਪੰਚ ਨਿਸੇਧ ਕਰੀ ਅਬ ।ਸੇਛਿਤਵਸਤੂ ਗਿਰਾਬਿਨ ਗਾਵੈ ।।
ਯੁ ਪ੍ਰਮਾਤਮ ਆਤਮ ਦੇਵਹਿ । ਵੇਦ ਰੁ ਸਾਸਤ ਸਭੇ ਸੁਰਟਾਵੈ ।।
ਪੰਡਿਤ ਤਿਆਗ ਅਭਾਸ ਪੀਤਾਂਬਰ । ਵਿਰਤੀ ਅਹੰਮ ਅਪ੍ਰੋਕਸ਼ਹਿ ਪਾਵੈ ।।



Scanned by CamScanner

ਪ੍ਰ ;- 185 ਬ੍ਰਹਮ ਆਤਮਾਂ ਜਦੋਂ ਬਾਣੀ ਦਾ ਵਿਸ਼ਾ ਨਹੀਂ ਤਾਂ, ਸਤ ਚਿਤ ਅਨੰਦ ਆਦਿ ਵਿਸ਼ੇਸਣ ਕਿਵੇਂ ਕਹੇ ਜਾਂਦੇ ਹਨ ?

ਉ; - ਬ੍ਰਹਮ ਆਤਮਾਂ ਦੇ ਕਿਤਨੇ ਕੁ ਵਿਦੇਹ ਵਿਸੇਸਣ ਹਨ ਅਤੇ ਕਿਤਨੇ ਨਿਸ਼ੇਧ ਵਿਸੇਸਣ ਹਨ ਤਿਨ ਵਿੱਚ ਜੋ ਵਿਦੇਯ ਵਿਸ਼ੇਸਣ ਜੋ ਸਦਾਦਿਕ ਹੈ ।ਉਹ ਪ੍ਰਪੰਚ ਦਾ ਨਸੇਧ ਕਰਕੇ ਬਾਕੀ ਰਹੇ ਬ੍ਰਹਮ ਨੂੰ ਲੱਛਣਾਂ ਤੋਂ ਸ਼ਾਕਸਾਤ ਬੋਧਨ ਕਰਦਾ ਹੈ ਅਤੇ ਨਿਸੇਧ ਵਿਸ਼ੇਸਣ ਜੋ ਅਨੰਦ ਆਦਿ ਹੈ ,ਉਹ ਤਾਂ ਸਾਕਸਾਤ ਪ੍ਰਪੰਚ ਦਾ ਹੀ ਨਿਸੇਧ ਕਰਦਾ ਹੈ ਅਤੇ ਉਸ ਤੋਂ ਵੱਖ ਬ੍ਰਹਮ ਆਤਮਾਂ ਤੋਂ ਸਿੱਧ ਹੁੰਦਾ ਹੈ ।ਇਸ ਲਈ ਬ੍ਰਹਮ ਆਤਮਾਂ ਅਵਚਯ (ਕਿਸੇ ਬਾਣੀ ਦਾ ਵਿਸਾ ਨਾ ਹੋਣਾਂ) ਹੋਣ ਕਰਕੇ ਕਿਸੇ ਵਿਸੇਸਣ ਨਾਲ ਨਹੀਂ ਕਹੀ ਜਾ ਸਕਦੀ

ਪ੍ਰ ;- 186 ਸਤ ਆਦਿ ਵਿਧੇਯ ਵਿਸੇਸਣ ( ਹਮੇਸਾ ਰਹਿਣ ਵਾਲਾ ) ਪ੍ਰਪੰਚ ਦਾ ਵਿਰੋਧ ਕਰਕੇ ਅਵਿਸੇਸ ਬ੍ਰਹਮ ਕੋ ਕੈਸੇ ਬੋਧਨ ਕਰੇ ?

| ਉ ;- ਕੀ ਕਹਿਣ ਨਾਲ । | ਕਿਸ ਦਾ ਨਿਸੇਧ । | ਬਾਕੀ ਕੀ ਰਿਹਾ ਜੋ ਲੱਛਣਾਂ ਤੋਂ ਸਿੱਧ ਹੈ । |
|---|---|---|
| ਸਤ | ਅਸਤ | ਸਦਰੂਪ |
| ਚਿੱਤ | ਦੁੱਖ | ਚਿੱਤਰੂਪ |
| ਅਨੰਦ | ਦੁੱਖ | ਅਨੰਦ |
| ਬ੍ਰਹਮ | ਪ੍ਰੀਛਿੰਨ | ਵਿਆਪਕ |
| ਸਵੈਮ ਪ੍ਰਕਾਸ | ਪ੍ਰਕਾਸ | ਸਵੈਮ ਪ੍ਰਕਾਸ |
| ਕੂਟਸਥ (ਅਵਿਕਾਰੀ | ਵਿਕਾਰ | ਨਿਰਵਿਕਾਰੀ |
| ਸ਼ਾਕਸੀ | ਸਾਕਸ਼ਯ | ਸਾਕਸ਼ੀ |
| ਦ੍ਰਸਟਾ (ਦੇਖਣ ਵਾਲਾ) | ਦ੍ਰਿਸਯ | ਦ੍ਰਸਟਾ |
| ਉਪਦ੍ਰਸ਼ਟਾ | ਉਪਦ੍ਰਸ਼ | ਉਪਦ੍ਰਸ਼ਟਾ |
| ਏਕ | ਅਨੇਕ | ਏਕ |

ਇਸ ਤਰਾਂ ਅਨਿਯਵਿਦੇਯ ਵਿਸ਼ੇਸਣ ਵਿਖੇ ਵੀ ਜਾਣੋਂ ।

ਪ੍ਰ ;- 187 ਅਨੰਤ ਆਦਿ ਨਿਸ਼ੇਧ ਵਿਸੇਸਣ, ਪ੍ਰਪੰਚ ਦਾ ਨਿਸੇਧ ਕਿਸਤਰਾਂ ਕਰਦੇ ਹਨ ?

ਉ ;- ਅਨੰਤ ਕਹਿਣ ਨਾਲ ਦੇਸ ਕਾਲ ਵਸਤੂ ਕ੍ਰਿਤ ਪ੍ਰੀਛੇਦ ਦਾ ਨਿਸੇਧ ਹੋਇਆ ਬਾਕੀ ਰਿਹਾ ਅਨੰਤ ਉਹ ਅਰਥ ਤੋਂ ਸਿੱਧ ਹੈ ।ਇਸ ਤਰਾਂ ਬਾਕੀ ਨਿਸੇਧ ਵਿਸੇਸ਼ਣਾਂ ਵਿਖੇ ਵੀ ਜਾਣੋਂ ।



Scanned by CamScanner

ਪ੍ਰ :- 188 ਇੰਨਾਂ ਵਿਸੇਸਣਾਂ ਦਾ ਇਸ ਤਰਾਂ ਅਰਥ ਕਰਨ ਦਾ ਕੀ ਪ੍ਰਯੋਜਨ ਹੈ ?
ਉ ;- ਇੰਨਾਂ ਵਿਸੇਸਣਾਂ ਦਾ ਇਸ ਤਰਾਂ ਅਰਥ ਕਰਨ ਦਾ ਪ੍ਰਯੋਜਨ ਇਹ ਹੈ ਕਿ ਚੇਤਨ ਨੂੰ ਮਨ ਬਾਣੀ ਦਾ ਅਵਿਸਯ (ਵਿਸ਼ਾ ਨਹੀਂ ਹੈ) ਕਹਿਣ ਕਰਕੇ ਸੁਰਤੀ ਦੇ ਅਰਥ ਦਾ ਅਵਿਰੋਧ ਹੁੰਦਾ ਹੈ ।ਇਸ ਲਈ ਗੁਣ ਕ੍ਰਿਆ, ਜਾਤੀ ਅਤੇ ਸਬੰਧ ਆਦਿ ਜੋ ਸਬਦ ਦੀ ਅਰੁ (ਤਰਾਂ) ਮਨ ਦੀ ਪ੍ਰਵਿਰਤੀ ਦੇ ਨਿਮਿੱਤ ਰੂਪ (ਪੱਖ ਵਿਚ) ਧਰਮ ਹੈ ।ਉਹ ਬ੍ਰਹਮ ਵਿਚ ਨਹੀਂ ਪ੍ਰੰਤੂ ਧਾਰਮਿਕ ਨਾਂ ਹੋਣ ਕਰਕੇ ਬ੍ਰਹਮ ਨਿਰਵਿਸੇਸ਼ਣ ਹੈ (ਵਿਸੇਸ਼ਣ ਨਹੀਂ) ਇਸਲਈ ਸੁਰਤਿ ਵੀ ਇਸ ਨੂੰ ਮਨ ਬਾਣੀ ਦਾ ਵਿਸਯ ਕਹਿਦੀ ਹੈ ਕਿਉਂਕਿ ਜੋ ਕੁਝ ਬੋਲਣਾਂ ਹੈ ਓਹ ਦਵੈਤ ਤੋਂ ਹੁੰਦਾ ਹੈ, ਅਦਵੈਤ ਨਾਲ ਨਹੀਂ ਇਸ ਲਈ ਇੰਨਾ ਵਿਸੇਸ਼ਣਾਂ ਦਾ ਇਸ ਤਰਾਂ ਅਰਥ ਕਰਨ ਨਾਲ ਸੁਰਤਿ ਵਿਰੁਧ ਦਵੈਤ ਦੀ ਸਿੱਧੀ ਨਹੀਂ ਹੁੰਦੀ ਅਤੇ ਅਦਵੈਤ ਸੁੱਖ ਨਾਲ ਸਮਝਣ ਨਾਲ ਸਾਕਯ ਹੁੰਦਾ ਹੈ। (ਭਾਵ ਅਦਵੈਤ ਸੁੱਖ ਨਾਲ ਸਮਝਿਆ ਜਾ ਸਕਦਾ ਹੈ)

**ਦਸਵੀਂ ਕਲਾ ਸੁਰੂ** "ਸਮਾਨਯ ਵਿਸੇਸ ਚੇਤਨਯ ਵਰਨਣ" (ਇੰਦ੍ਰਵਿਜੇ ਛੰਦ)

ਚੇਤਨ ਹੈ ਜੁ ਸਮਾਨ ਵਿਸੇਸ ਸੁ ।ਦੋਵਿਧਸਤਯ ਸੁਜਾਨ ਸਮਾਨੈ ।।
ਭ੍ਰਾਂਤਿ ਸਰੂਪ ਵਿਸੇਸ ਜੁ ਕਲਪਿਤ । ਸ੍ਰਸਰਿਤ ਆਸ਼ਯ ਸੋ ਤਿਹਿ ਭਾਨੈ ।।
ਜਿਉਂ ਰਾਵਿਕੋ ਪ੍ਰਤੀਬਿੰਬ ਜਲਾਦਿਕ । ਸੋ ਰਵਿਰੂਪ ਵਿਸ਼ੇਸ ਪਛਾਨੈ ।।
ਤਿਯੋ ਮਤਿਮੇ ਪ੍ਰਤੀਬਿੰਬ ਪ੍ਰਾਤਮ ।ਸੋ ਕਲਪਿਤ ਵਿਸੇਸਹਿ ਜਾਨੈ ।।
ਆਵਤ ਜਾਵਤ ਲੋਕ-ਪ੍ਰਲੋਕਹਿ ।ਭੋਗਤ ਭੋਗ ਜੁ ਕਰਮ ਨਿਪਾਨੈ ।।
ਸੋ ਸਭ ਚਿਤ ਅਭਾਸ ਕਰੇ ਔਰ ।ਸੁੱਧ ਸਮਾਨ ਨਹੀਂ ਨਾਂਹਿ ਆਨੈ ।।
ਅਸਿਤ ਰੁ ਭਾਤਿ ਪ੍ਰਿਯ ਸਭ ਪੂਰਨ । ਬ੍ਰਹਮ ਸਮਾਨ ਸੂ ਚੇਤਨ ਮਾਨੈ ।।
ਨਾਂਮ ਰੁ ਰੂਪ ਤਜੀ ਸਤ ਚੇਤਨ । ਮੋਦ ਪੀਤਾਂਬਰ ਆਪ ਪਿਛਾਨੈ ।।



Scanned by CamScanner

ਪ੍ਰ :- 189 ਚਿਦਾਭਾਸ ਦਾ ਲੱਛਣ ਕੀ ਹੈ ?
ਉ :- ਚੇਤਨ (ਬ੍ਰਹਮ) ਦੇ ਲੱਛਣਾਂ ਤੋਂ ਰਹਿਤ ਹੁੰਦਾ ਹੈ, ਅਤੇ ਚੇਤਨ ਦੀ ਤਰਾਂ ਭਾਸਦਾ ਹੈ, ਉਹ ਚਿਦਾਭਾਸ ਹੈ ।

ਪ੍ਰ :- 190 ਵਿਸ਼ੇਸ ਚੇਤਨ ਕੀ ਹੈ ?
ਉ :- ਅੰਤਹਕਰਣ ਅਤੇ ਅੰਤਹਕਰਨ ਦੀ ਵਿਰਤੀ ਵਿਖੇ ਜੋ ਸਮਾਨ ਚੇਤਨ ਬ੍ਰਹਮ ਦਾ ਪ੍ਰਤੀਬਿੰਬ ਰੂਪ ਚਿਦਾਭਾਸ ,ਉਹ ਵਿਸ਼ੇਸ ਚੇਤਨ ਹੈ ।

ਪ੍ਰ :- 191 ਇਸ ਚਿਦਾਭਾਸ ਨੂੰ ਵਿਸ਼ੇਸ ਚੇਤਨ ਕਿਉਂ ਕਹਿੰਦੇ ਹਨ ?
ਉ :- ਅਲਪ ਦੇਸ ਅਤੇ ਕਾਲ ਵਿਖੇ ਜੋ ਵਸਤੂ ਹੋਵੇ ਉਹ ਵਿਸ਼ੇਸ ਕਹੋ, ਜਿਸਕਰਕੇ ਚਿਦਾਭਾਸ ਅੰਤਹਕਰਨ ਦੇ ਅਤੇ ਜਾਗ੍ਰਤ ਸਵਪਨ ਕਾਲ ਜਾਂ ਅਗਿਆਨ ਵਿਖੇ ਹੈ ਇਸ ਲਈ ਇਸਨੂੰ ਵਿਸ਼ੇਸ ਚੇਤਨ ਕਹੋ ।

ਪ੍ਰ :-192 ਵਿਸ਼ੇਸ ਚੇਤਨ ਸਬੰਧੀ ਦ੍ਰਿਸਟਾਂਤ ਕੀ ਹੈ ?
ਉ :- **ਦ੍ਰਿਸਟਾਂਤ** :- ਜਿਸ ਤਰਾਂ ਸੂਰਜ ਦਾ ਪ੍ਰਕਾਸ਼ ਸਰਵਤਰ ਸਮਾਨ ਹੈ, ਪ੍ਰੰਤੂ ਹਰ ਜਗਾ ਪ੍ਰੀਤਬਿੰਬ ਨਹੀਂ ਹੁੰਦਾ ਅਤੇ ਜਿਥੇ ਜਲ ਜਾਂ ਸ਼ੀਸਾ ਹੋਵੇ ਉਥੇ ਪ੍ਰਤੀਬਿੰਬ ਵਿਸੇਸ਼ ਨਜ਼ਰ ਆਉਦਾ ਹੈ ਕਿਉਕਿ ਜਿਸਤਰਾਂ ਸੂਰਜ ਦਾ ਪ੍ਰਕਾਸ ਹਰ ਜਗਾ ਇੱਕ ਸਮਾਨ ਹੈ ।ਪ੍ਰੰਤੂ ਉਹ ਬਸਤਰ ਕਪਾਸ ਆਦ ਨੂੰ ਜਲਾਉਦਾ ਨਹੀਂ । ਅਤੇ ਜਿਥੇ ਸੂਰਜਕਾਂਤ ਮਣੀ ਹੋਵੇ ਉਥੇ ਅਗਨੀ ਰੂਪ ਤੋਂ ਵੱਖ ਹੋਕੇ ਬਸਤਰ ਕਪਾਸ ਆਦ ਨੂੰ ਜਲਾਉਦਾ ਹੈ ,ਤਿੰਨ ਮੇਂ ਸਮਾਨ ਰੂਪ ਹੈ ,ਉਹ ਸਭ ਥਾਂ ਜਿਉਂ ਦਾ; ਤਿਉ ਹੋਣ ਕਰਕੇ ਯਥਾਰਥ (ਸਚਾਈ) ਹੈ ਅਤੇ ਉਪਾਧੀ ਕਰ ਭਾਸਦਾ ਹੈ । ਜੋ ਵਿਸੇਸ਼ ਰੂਪ ਸੇ ਵਿਅਭਚਾਰੀ ਹੋਣ ਕਰਕੇ ਅਲਪ ਕਾਲ (ਥੋੜਾ ਸਮਾਂ ) ਹੈ ।ਇਸਤਰਾਂ ਸਮਾਨ ਚੇਤਨ ਜੋ ਅਸਤਿ ਭਾਤਿ - ਪ੍ਰਿਯ ਉਹ ਹਰ ਜਗਾ ਸਮਾਨ ਹੈ, ਪ੍ਰੰਤੂ ਤਿਸਨਾਲ ਬੋਲਣਾਂ, ਚਲਣਾਂ ਆਦ ਵਿਸੇਸ਼ ਵਿਹਾਰ ਨਹੀਂ ਹੁੰਦਾ ਅਤੇ ਜਿਥੇ ਅੰਤਹਕਰਨ ਰੂਪ ਉਪਾਧੀ ਹੋਵੇ ਉਥੇ ਚਿਦਾਭਾਸ ਰੂਪ ਨਾਲ ਵਿਸ਼ੇਸ ਚੇਤਨ ਹੋਕੇ ਬੋਲਣਾਂ ਚਲਣਾਂ ਕਰਤਾ ਅਤੇ ਭੋਗਤਾ ਪਣਾਂ, ਪ੍ਰਲੋਕ ਅਤੇ ਇਸ ਲੋਕ ਵਿਖੇ ਆਉਣ ਜਾਣ ਸਮੇਂ ਆਦਿ ਵਿਸੇਸ ਵਿਹਾਰ ਹੁੰਦੇ ਹਨ । ਸਮਾਨ ਚੇਤਨ ਜੋ ਬ੍ਰਹਮ, ਉਹ ਸਤ ਹੈ ਅਤੇ ਉਪਾਧੀ ਕਰਕੇ ਭਾਸਦਾ ਹੈ । ਜੋ ਵਿਸੇਸ ਚੇਤਨ ਚਿਦਾਭਾਸ ਉਹ ਮਿਥਿਆ ਹੈ, ਜਿਸ ਤਰਾਂ ਪੁੰਨ ਪਾਪ ਦਾ ਕਰਨਾਂ ,ਸੁੱਖ ਦੁੱਖ ਭੋਗਣਾਂ, ਪ੍ਰਲੋਕ ਇਸ ਲੋਕ ਵਿਖੇ ਆਉਣ ਜਾਣ, ਜਨਮ ਮਰਨ ,ਚਰਾਸੀ ਲੱਖ ਜੂਨੀ ਦੀ ਪ੍ਰਾਪਤੀ ਆਦਿ ਸੰਸਾਰ ਰੂਪ ਧਰਮ ਵੀ ਚਿਦਾਭਾਸ ਦੇ ਹਨ, ਇਸ ਲਈ ਮਿਥਿਆ ਹੈ

ਪ੍ਰ :-193 ਵਿਸ਼ੇਸ ਚੇਤਨ ਨੂੰ ਜਾਨਣ ਨਾਲ ਕੀ ਨਿਸਚਾ ਹੁੰਦਾ ਹੈ ?
ਉ :- ਵਿਸੇਸ ਚੇਤਨ ਜੋ ਚਿਦਾਭਾਸ ਤੇ ਇਸਦੇ ਧਰਮ, ਉਹ ਮੈਂ ਨਹੀਂ, ਮੇਰੇ ਨਹੀਂ ਪ੍ਰੰਤੂ ਇਹ ਮੇਰੇ ਵਿਖੇ ਕਲਪਿਤ ਹਨ ਮੈਂ ਇੰਨਾਂ ਦਾ ਅਧਿਸਠਾਨ ਸਮਾਨ ਚੇਤਨ, ਇੰਨਾਂ ਤੋਂ ਵੱਖ ਹਾਂ, ਇਹ ਨਿਸਚਾ ਕਰੋ ।



Scanned by CamScanner

ਪ੍ਰ :- 194 ਸਮਾਨ ਚੇਤਨ ਕੀ ਹੈ ?

ਉ :- ਜੋ ਅਕਾਸ ਦੀ ਤਰਾਂ ਹਰ ਜਗਾ ਪ੍ਰੀਪੂਰਣ ਹੈ, ਜੋ ਸਾਰੇ ਨਾਂਮ ਰੂਪ ਦਾ ਅਧਿਸਠਾਨ (ਆਸਰਾ) ਹੈ ਜੋ ਅਸਤਿ, ਭਾਤਿ, ਪ੍ਰਿਯ, (ਸਤ -ਚਿਤ -ਅਨੰਦ) ਰੂਪ ਹੈ, ਜੋ ਨਿਰਵਿਕਾਰ ਬ੍ਰਹਮ ਹੈ, ਉਹ ਸਮਾਨ ਚੇਤਨ ਹੈ ।

ਪ੍ਰ :- 195 ਬ੍ਰਹਮ ਨੂੰ ਸਮਾਨ ਚੇਤਨ ਕਿਉਂ ਕਹਿੰਦੇ ਹਨ ?

ਉ :- ਜਿਆਦਾ ਦੇਸ਼ ਅਤੇ ਸਮੇਂ ਵਿਖੇ ਜੋ ਵਸਤੂ ਹੋਵੇ ਉਸ ਨੂੰ ਸਮਾਨ ਕਹੋ । ਜਿਸ ਕਰਕੇ ਬ੍ਰਹਮ ਬੁੱਧੀ ਕਲਪਿਤ ਸਾਰੇ ਦੇਸ ਅਤੇ ਸਭ ਕਾਲ ਵਿਖੇ ਵਿਆਪਕ ਹੈ, ਤਾਂ ਤੇ ਬ੍ਰਹਮ ਨੂੰ ਸਮਾਨ ਚੇਤਨ ਕਹਿੰਦੇ ਹਨ ।

ਪ੍ਰ :- 196 ਸਮਾਨ ਚੇਤਨ ਜਾਣਨ ਸਬੰਧੀ ਦ੍ਰਿਸਟਾਂਤ ਕੀ ਹੈ ?

ਉ :-ਜਿਸ ਤਰਾਂ ਇੱਕ ਰੱਸੀ ਵਿੱਚ ਵਖ ਵਖ ਪੁਰਸਾਂ ਨੂੰ, ਕਿਸੇ ਨੂੰ ਦੰਡ-ਸੱਪ-ਧਰਤੀ ਦੀ-ਰੇਖਾ ਪਾਣੀ ਦੀ ਧਾਰਾ ਦਾ ਭੁਲੇਖਾ ਪੈਦਾ ਹੈ ।ਇਸ ਭੁਲੇਖੇ ਵਿਚ ਦੋ ਅੰਸ਼ ਹਨ ਇਕ ਸਮਾਨਇੰਦ ''ਹੈਪਣਾ'' ਅੰਸ, ਦੂਜਾ ਸੱਪ ਆਦਿ ਵਿਸੇਸ਼ ਅੰਸ਼ ਇੰਨਾਂ ਵਿੱਚ ਦੰਡ, ਸੱਪ, ਧਰਤੀ ਰੇਖਾ, ਜਲ ਦੀ ਧਾਰਾ, ਇਸ ਤਰਾਂ ਸੱਪ ਆਦਿ ਵਿਸੇਸ਼ ਅੰਸ਼ ਵਿਚ ਸਮਾਨ ਇੰਦਅੰਸ ( ਹੈਪਣਾਂ ) ਕਹੋ, ਅੰਸ ਸਰਵ ਵਿਆਪਕ ਹੈ ਅਤੇ ਉਹ ਰੱਸੀ ਦਾ ਸਵਰੂਪ ਹੈ । ਉਹ ਸਮਾਨ ਇੰਦਅੰਸ, ਇਸ ਲਈ ਭੁਲੇਖੇ ਸਮੇਂ ਵੀ ਮਲੂਮ ਨਹੀਂ ਹੁੰਦਾ ਅਤੇ ਭੁਲੇਖੇ ਦੀ ਨਵਿਰਤੀ ਸਮੇਂ ਵੀ ਇਹ ਰੱਸੀ ਹੈ ਇਸ ਤਰਾਂ ਮਲੂਮ ਹੁੰਦਾ ਹੈ ਇਸ ਲਈ ਸਮਾਨ ਇੰਦਅੰਸ ਅਵਿਚਾਰੀ ਹੋਣ ਕਰਕੇ ਸਤ ਹੈ ।ਪ੍ਰਸਪਰ ਵਿਭਚਾਰੀ (ਨਜਾਇਜ) ਜੋ ਸੱਪ ਆਦ ਵਿਸੇਸ਼ ਅੰਸ ਹੈ ਓਹ ਕਲਪਿਤ ਹੈ ।ਸਿਧਾਂਤ :- ਇਸ ਤਰਾਂ ਸਾਰੇ ਪਦਾਰਥਾਂ ਵਿਖੇ ਪੰਜ ਅੰਸ ਹਨ । ਅਸਤਿ 2 ਭਾਤਿ 3 ਪ੍ਰਿਯ 4 ਨਾਂਮ 5 ਰੂਪ, ਇਹ ਘੜਾ ਹੈ, ਇਹ ਅਸਤਿ ਹੈ, ਘੜਾ ਭਾਸਦਾ ਹੈ ,ਇਹ ਭਾਤਿ ਹੈ (ਚਿੱਤ ਹੈ) ਘੜਾ ਪਿਆਰਾ ਹੈ ਕਿਉਂਕਿ ਜਲ ਭਰਨ ਦੇ ਕੰਮ ਆਉਦਾ ਹੈ ।ਇਸ ਲਈ ਇਹ ਪ੍ਰਿਯ ਹੈ । ਸੱਪ, ਸੇਰ ਆਦਿ ਵੀ ਸੱਪਣੀ ਅਤੇ ਸੇਰਨੀ ਨੂੰ ਪ੍ਰਿਯ ਹਨ । ਘੜਾ ਇਹ ਦੋ ਅੱਖਰ ਦਾ ਨਾਂਮ ਹੈ । ਪੱਕਾ ਗੋਲ, ਢਿੱਡਦਾਰ ਇਹ ਘੜੇ ਦਾ ਅਕਾਰ ਹੈ ਇਸ਼ ਤਰਾਂ ਘੜਾ ਅਦਿ ,ਸਾਰੇ ਭੂਤਨ ਅਤੇ ਭੂਤਨ ਦੇ ਕਾਰੀਯ ਵਿਖੇ ਵੀ ਜਾਨਣਾਂ । ਇਹ ਬਾਹਰ ਦੇ ਪਦਾਰਥਾਂ ਵਿਖੇ ਪੰਚ ਅੰਸ ਦਿਖਾਏ ਹਨ । ਇਸੇ ਤਰਾਂ ਅੰਤਰ ਦੇਹ ਆਦਿ ਵਿਖੇ :- ਮੈਂ ਹਾਂ, ਇਹ ਸਤ ਹੈ, ਮੈਂ ਭਾਸਦਾ (ਜਾਣਦਾ) ਹਾਂ, ਇਹ ਭਾਤਿ ਹੈ ।ਮੈਂ ਆਪਨੂੰ ਪਿਆਰਾ ਹਾਂ, ਇਹ ਪ੍ਰਿਯ ਹੈ ਅਤੇ ਦੇਹ ਇੰਦਰੀ, ਪ੍ਰਾਂਣ, ਬੁੱਧੀ, ਚਿੱਤ ਹੰਕਾਰ, ਅਗਿਆਨ ਅਤੇ ਇੰਨਾਂ ਦੇ ਧਰਮ, ਇਹ ਕਰਨ ਨਾਲ, ਧਰਤੀ ਹੈ ਇਹ ਦਿਸਦੀ ਹੈ ,ਪਿਆਰੀ ਹੈ ਰਹਿਣ ਨੂੰ ਜਗਾ ਦਿੰਦੀ ਹੈ ਇਨਾਂ ਦੇ ਯਥਾਯੋਗ ਅਕਾਰ ਸੋ ਰੂਪ ਹੈ ।ਇਹ ਅੰਦਰ ਦੇ ਪਦਾਰਥਾਂ ਸਬੰਧੀ ਪੰਚ ਅੰਸ ਦਿਖਾਏ ਹਨ ,ਇੰਨਾਂ ਸਾਰਿਆ ਦੇ, ਨਾਂਮ ਰੂਪ ਦੇ ਤਿਆਗ



Scanned by CamScanner

ਹੈ । ਧਰਤੀ ਐਸਾ ਨਾਂਮ ਹੈ ਅਤੇ ਗੰਦ ਦੇ ਗੁਣ ਨਾਲ ਭਰਭੂਰ ਹੈ । ਧਰਤੀ ਦੇ ਨਾਂਮ ਰੂਪ ਦੇ ਤਿਆਗ ਕਰਨ ਨਾਲ ;- ਜਲ ਹੈ, ਜਲ ਮਹਿਸੂਸ ਹੁੰਦਾ ਹੈ । ਜਲ ਪਿਆਰਾ ਹੈ ਕਿਉਂਕਿ ਜਲ ਪਿਆਸ ਨੂੰ ਦੂਰ ਕਰਦਾ ਹੈ ਜਲ ਅਜਿਹਾ ਨਾਂਮ ਹੈ ਜੋ ਸੀਤਲ ਸਪਰਸ ਗੁਣ ਨਾਲ ਭਰਭੂਰ ਹੈ । ਜਲ ਦੇ ਨਾਂਮ ਰੂਪ ਦੇ ਤਿਆਗ ਕਰਨ ਨਾਲ, ਅਗਨੀ ਹੈ ।ਅਗਨੀ ਮਹਿਸੂਸ ਹੁੰਦੀ ਹੈ ਅਗਨੀ ਪਿਆਰੀ ਹੈ ਕਿਉਂਕਿ ਅਗਨੀ ਠੰਡਕ ਅਤੇ ਅੰਧਕਾਰ ਨੂੰ ਦੂਰ ਕਰਦੀ ਹੈ । ਅਗਨੀਂ ਅਜਿਹਾ ਨਾਂਮ ਹੈ ਜੋ ਊਸਣ ਸਪਰਸ, ਗੁਣ, ਯੁਕਤ, (ਅਗਨੀ ਰੂਪ) ਹੈ ਅਗਨੀ ਦੇ ਨਾਂਮ ਰੂਪ ਦਾ ਤਿਆਗ ਕਰਨ ਨਾਲ ਹਵਾ ਹੈ ;- ਹਵਾ ਮਹਿਸੂਸ ਹੁੰਦੀ ਹੈ , ਹਵਾ ਪਿਆਰੀ ਹੈ ਕਿਉਂਕਿ ਹਵਾ ਪਸੀਨੇ ਨੂੰ ਦੂਰ ਕਰਦੀ ਹੈ ।ਹਵਾ ਅਜਿਹਾ ਨਾਂਮ ਹੈ ਜੋ ਰੂਪ ਰਹਿਤ ਅਤੇ ਸਪਰਸ ਦੇ ਗੁਣ ਨਾਲ ਭਰਪੂਰ ਹੈ । ਹਵਾ ਦੇ ਨਾਂਮ ਰੂਪ ਦਾ ਤਿਆਗ ਕਰਕੇ ਅਕਾਸ ਹੈ ;- ਅਕਾਸ ਮਹਿਸੂਸ ਹੁੰਦਾ ਹੈ ਅਕਾਸ ਪਿਆਰਾ ਹੈ ਕਿਉਂਕਿ ਅਕਾਸ ਰਹਿਣ ਫਿਰਨ ਨੂੰ ਸਹੂਲਤ ਦਿੰਦਾ ਹੈ ਅਕਾਸ਼ ਐਸਾ ਨਾਂਮ ਹੈ , ਅਤੇ ਸਬਦ ,ਗੁਣ, ਯੁਕਤ ਰੂਪ ਹੈ ।ਅਕਾਸ਼ ਦੇ ਨਾਂਮ ਰੂਪ ਦੇ ਤਿਆਗ ਕਰਨ ਨਾਲ ਪਿਛੇ ਕੀ ਹੈ ਉਹ ਮੈਂ ਜਾਣਦਾ ਨਹੀਂ। ਐਸਾ ਅਗਿਆਨ ਹੈ ,ਇਸ ਲਈ ਅਗਿਆਨ ਭਾਸਦਾ ਹੈ, ਅਗਿਆਨ ਪ੍ਰਿਯ ਹੈ ਕਿਉਂਕਿ ਅਗਿਆਨੀ ਜੀਵਨ ਨੂੰ ਪਿਆਰ ਕਰਦਾ ਹੈ ਅਤੇ ਅਗਿਆਨ ਪ੍ਰਪੰਚ ਦਾ ਕਾਰਨ ਹੋਣ ਕਰਕੇ ,ਜੀਵਨ ਦਾ ਨਿਰਵਾਹ ਕਰਦਾ ਹੈ । ਅਗਿਆਨ ਐਸਾ ਨਾਂਮ ਹੈ ਅਤੇ ਆਵਰਣ ਵਿਕਸੇਪ ਸਕਤੀ ਵਾਲਾ ਅਨਾਦਿ ਅਨਿਵਰਚਨੀਯ ਭਾਵ੍ ਰੂਪ ' ਇਹ ਰੂਪ ਹੈ ' ਅਗਿਆਨ ਦੇ ਨਾਂਮ ਰੂਪ ਦੇ ਤਿਆਗ ਕਰਨ ਨਾਲ ਕੁਝ ਵੀ ਨਹੀਂ ਹੈ । ਇਸਤਰਾਂ ਸਾਰੀਆਂ ਵਸਤੂਆਂ ਦੇ ਪ੍ਰਤੀਤ ਹੋਣ ਦਾ ਅਭਾਵ ਰਹਿੰਦਾ ਹੈ । ਅਭਾਵ ਭਾਸਦਾ ਹੈ (ਮਹਿਸੂਸ ਹੁੰਦਾ ਹੈ) 'ਅਭਾਵ ਸੂਨਯ ਧਿਆਨੀ ਨੂੰ ਪ੍ਰਿਯ ਹੈ' ਇਸ ਦਾ ਅਭਾਵ ਐਸਾ ਨਾਂਮ ਹੈ ਅਤੇ ਸਾਰੀਆਂ ਵਸਤੂਆਂ ਦਾ ਅਭਾਵ (ਨਿਸੇਧ ਮੁੱਖ ਪ੍ਰਤੀਤੀ ਦਾ ਵਿਸ਼ਾ) ਰੂਪ ਹੈ ਅਭਾਵ ਦੇ ਨਾਂਮ ਰੂਪ ਦਾ ਤਿਆਗ ਕਰਨ ਨਾਲ :- ਅਭਾਵ ਦਾ ਸਵਰੂਪ ਅਧਿਸਠਾਨ ਸਤ ਵਸਤੂ ਹੀ (ਬਾਕੀ) ਅਵਿਸੇਸ਼ ਰਹਿੰਦਾ ਹੈ ।ਉਹ ਅਭਾਵ ਦੇ ਅਭਾਵਪੁਣੇ ਨੂੰ ਪ੍ਰਕਾਸਦਾ ਹੈ ।ਇਸ ਲਈ ਇਹ ਚਿੱਤ ਹੈ ਅਤੇ ਦੁੱਖ ਤੋਂ ਵੱਖ ਹੈ ਇਸ ਲਈ ਅਨੰਦ ਹੈ ।ਇਸ ਤਰਾਂ ਸਰਵ ਨਾਂਮ ਰੂਪ ਵਿਖੇ ਅਨੁਗਤ ਅਵਿਵਚਾਰੀ ਨਾਂਮ ਰੂਪ ਦਾ ਅਧਿਸਠਾਨ ਬ੍ਰਹਮ ਸਮਾਨ ਚੇਤਨ ਹੈ ਉਹ ਸਤ ਹੈ, ਅਤੇ ਘੜੇ ਦੇ ਨਾਂਮ ਰੂਪ ਪਟ ਵਿਖੇ ਨਹੀਂ ਅਤੇ ਪਟ ਦੇ ਨਾਂਮ ਰੂਪ ਘਟ ਵਿਖੇ ਕਹੀ ਸਮਾਨ ਚੇਤਨ ਦੇ ਜਾਣਨ ਵਿਖੇ ਦ੍ਰਿਸਟਾਂਤ ਹੈ । ਇਸ ਲਈ ਪ੍ਰਸਪਰ ਵਿਅਭਚਾਰੀ ਇਹ ਨਾਂਮ ਰੂਪ ਮਿਥਿਆ ਹੈ । ਇਹ ਚੇਤਨ ਦੇ ਜਾਨਣ ਵਿਖੇ ਦ੍ਰਿਸ਼ਟਾਤ ਹੈ ।



Scanned by CamScanner

ਪ੍ਰ :- 197 ਉਕਤ ਸਮਾਨ ਚੇਤਨ ਰੂਪ ਬ੍ਰਹਮ ਦੀ ਸਭ ਤੋਂ ਜਿਆਦਾ ਸੂਕਸ਼ਮਤਾ ਅਤੇ ਵਿਆਪਕਤਾ ਕਿਵੇਂ ਹੈ ?

ਉ :- ਜੋ ਜੋ ਕਾਰੀਯ ਹੈ ਸੋ ਸਥੂਲ ਅਤੇ ਪ੍ਰੀਛਿੰਨ ਹੁੰਦਾ ਹੈ ਅਤੇ ਜੋ ਜੋ ਕਾਰਨ ਹੈ, ਉਹ ਸੂਕਸ਼ਮ ਅਤੇ ਵਿਆਪਕ ਹੁੰਦਾ ਹੈ ਇਹ ਨਿਯਮ ਹੈ । ਕਿਉਂਕਿ ਬ੍ਰਹਮ ਸਭ ਦਾ ਕਾਰਨ ਹੈ ਤਾਂ ਹੀ ਸਭ ਤੋਂ ਜਿਆਦਾ ਸੂਕਸ਼ਮ ਅਤੇ ਵਿਆਪਕ ਹੈ । ਜੋ ਇਸ ਤਰਾਂ ਹੈ ਜਿਵੇਂ ਸਮੁੰਦਰ ਜਲ ਵਿਚ ਕਠਿਨ ਝੱਗ ਅਤੇ ਲੂਣ ਹੁੰਦਾ ਹੈ ਇਸਤਰਾਂ ਜਾਣਿਆ ਜਾਂਦਾ ਹੈ ਕਿ ਪ੍ਰਿਥਵੀ ਜਲ ਦਾ ਕਾਰੀਯ ਹੈ । ਇਸ ਲਈ ਪ੍ਰਿਥਵੀ ਤੋਂ ਜਲ ਸੂਕਸ਼ਮ ਅਤੇ ਵਿਆਪਕ ਹੈ । ਕਿਉਂਕਿ ਧਰਤੀ ਦੇ ਕਣ
(ਮਿੱਟੀ) ਕਪੜਿਆਂ ਵਿਚ ਪਏ ਹੋਏ, ਨਿਕਲਦੇ ਨਹੀਂ ਅਤੇ ਜਲ ਬਸਤਰ ਵਿਚ ਠਹਿਰਦਾ ਨਹੀਂ ਅਤੇ ਧਰਤੀ ਨੂੰ ਕਿਤੋਂ ਵੀ ਪੁੱਟੋ ਤਾਂ ਪਾਣੀ ਨਿਕਲੇਗਾ । ਵੇਦਾਂ ਪ੍ਰਾਣਾਂ ਵਿਚ ਧਰਤੀ ਤੋਂ ਜਲ ਦਾ ਦਸ ਗੁਣਾਂ ਵੱਧ ਦੱਸਿਆ ਹੈ । ਇਸ ਲਈ ਧਰਤੀ ਤੋਂ ਜਲ, ਅਤਿ ਸੂਕਸ਼ਮ, ਤੇ ਵਿਆਪਕ ਹੈ ।ਇਸੇ ਤਰਾਂ ਅਗਨੀ ਦੇ ਜਿਆਦਾ ਤਪ ਕਾਰਨ ਸਰੀਰ ਨੂੰ ਪਸੀਨਾਂ ਆਉਂਦਾ ਹੈ । ਇਸ ਲਈ ਜਲ ਅਗਨੀ ਦਾ ਕਾਰਨ ਜਾਣੋਂ । ਇਸ ਲਈ ਅਗਨੀ ਜਲ ਤੋਂ ਜਿਅਦਾ ਸੂਕਸ਼ਮ ਤੇ ਵਿਆਪਕ ਹੈ । ਜਲ ਕਪੜੇ ਵਿਚ ਨਹੀਂ ਰੁਕਦਾ ਪ੍ਰੰਤੂ ਘੜੇ ਵਿਚ ਰੁਕਦਾ ਹੈ ਅਤੇ ਸੂਰਜ ਆਦਿ ਦਾ ਪ੍ਰਕਾਸ, ਘੜੇ ਵਿਚ ਵੀ ਨਹੀਂ ਰੁਕਦਾ । ਪ੍ਰਾਣਾਂ ਅਨੁਸਾਰ ਜਲ ਤੋਂ ਦਸ ਗੁਣਾਂ ਵੱਧ ਅਗਨੀ ਹੈ । ਅਗਨੀ ਦਾ ਜਨਮ ਅਤੇ ਨਾਸ ਹਵਾ ਦੇ ਅਧੀਨ ਹੈ ।ਇਸ ਲਈ ਅਗਨੀ ਹਵਾ ਦਾ ਕਾਰਨ ਜਾਣੋਂ । ਇਸ ਲਈ ਅਗਨੀ ਤੋਂ ਹਵਾ ,ਸੂਕਸਮ ਅਤੇ ਵਿਆਪਕ ਹੈ । ਸੂਰਜ ਆਦਿ ਦਾ ਪ੍ਰਕਾਸ ਘੜੇ ਵਿਚ ਨਹੀਂ ਰੁਕਦਾ ਪ੍ਰੰਤੂ ਅੱਖਾਂ ਨਾਲ ਦਿਸਦਾ ਹੈ ।ਜਦੋਂਕਿ ਹਵਾ ਤਾਂ ਨੇਤਰਾਂ ਨਾਲ ਵੀ ਨਹੀਂ ਦਿਸਦੀ ।ਵੇ ਦਾਂ -ਪ੍ਰਾਣਾਂ ਅਨੁਸਾਰ ਹਵਾ ਅਗਨੀ ਤੋਂ ਦਸ ਗੁਣਾ ਵੱਧ ਹੈ । ਹਵਾ ਦੀ ਉਤਪਤੀ ਅਤੇ ਖਾਤਮਾਂ ਅਕਾਸ ਵਿਚ ਹੀ ਹੁੰਦਾ ਹੈ । ਤਾਂ ਇਹ ਜਾਣੋਂ ਕਿ ਹਵਾ ਅਕਾਸ਼ ਦਾ ਕਾਰੀਯ ਹੈ । ਇਸ ਲਈ ਹਵਾ ਤੋਂ ਅਕਾਸ ਸੂਕਸ਼ਮ ਅਤੇ ਵਿਆਪਕ ਹੈ । ਹਵਾ ਨੇਤਰਾਂ ਨਾਲ ਨਹੀਂ ਦਿਸਦੀ ਪ੍ਰੰਤੂ ਚਮੜੀ ਨਾਲ ਮਹਿਸੂਸ ਹੁੰਦੀ ਹੈ । ਅਕਾਸ ਤਾਂ ਚਮੜੀ ਨੂੰ ਵੀ ਮਹਿਸੂਸ ਨਹੀਂ ਹੁੰਦਾ । ਗ੍ਰੰਥਾਂ ਅਨੁਸਾਰ ਅਕਾਸ, ਹਵਾ ਤੋਂ ਦਸ ਗੁਣਾਂ ਜਿਆਦਾ ਹੈ । ਅਕਾਸ ਤੋਂ ਅੱਗੇ ਕੀ ਹੋਵੇਗਾ । ਐਸਾ ਵਿਚਾਰ ਕੀ, ਇਹ ਮੈਂ ਨਹੀਂ ਜਾਣਦਾ ਐਸਾ ਬੁੱਧੀ ਦੇ ਕੂਠੀ ਭਾਵ ਦਾ ਵਿਸਾ ਅਗਿਆਨ ਪ੍ਰਤੀਤ ਹੁੰਦਾ ਹੈ ।ਤਾਂ ਜਾਣੋਂ ਕਿ ਅਕਾਸ ਅਗਿਆਨ ਦਾ ਕਾਰੀਯ ਹੈ ।ਤਾਂ ਅਗਿਆਨ ਅਕਾਸ ਤੋਂ ਸੂਕਸ਼ਮ ਤੇ ਵਿਆਪਕ ਹੈ । ਅਕਾਸ ਚਮੜੀ ਨੂੰ ਮਹਿਸੂਸ ਨਹੀਂ ਹੁੰਦਾ । ਪ੍ਰੰਤੂ ਮਨ ਅੰਦਰ ਗ੍ਰਹਿਣ ਹੁੰਦਾ ਹੈ । ਅਗਿਆਨ ਮਨ ਵਿਚ ਵੀ ਗ੍ਰਹਿਣ ਨਹੀਂ ਹੁੰਦਾ ਅਤੇ ਸਾਸਤਰਾਂ ਵਿਚ, ਅਗਿਆਨ



Scanned by CamScanner

ਅਕਾਸ ਤੋਂ ਅਨੰਤ ਗੁਣਾਂ ਜਿਆਦਾ ਲਿਖਿਆ ਹੈ ।ਇਸ ਲਈ ਮੈਂ ਨਹੀਂ ਜਾਣਦਾ ਕਿ ਅਨੁਭਵ ਦਾ ਵਿਸ਼ਾ ਜੋ ਅਗਿਆਨ ਹੈ, ਉਸ ਦਾ ਪ੍ਰਕਾਸ ਜਾਣਨ ਵਾਲੇ ਚੇਤਨ ਤੋਂ ਹੁੰਦਾ ਹੈ ਅਤੇ ਅਗਿਆਨ ਹੈਂ ਅਗਿਆਨ ਮਹਿਸੂਸ ਹੁੰਦਾ ਹੈਂ ਅਗਿਆਨ ,ਅਗਿਆਨੀ ਪੁਰਸ਼ ਨੂੰ ਪਿਆਰਾ ਹੈ ।ਇਸ ਤਰਾਂ ਅਗਿਆਨ ਵਿਖੇ ਅਨੁਸਯੁਤ, ਅਸਤਿ, ਭਾਤਿ, ਪ੍ਰਿਯ ਰੂਪ, ਬ੍ਰਹਮ, ਚੇਤਨ ਭਾਸਦਾ ਹੈ ।ਇਸ ਲਈ ਅਗਿਆਨ ਬ੍ਰਹਮ ਚੇਤਨ ਦੇ ਅਧੀਨ ਹੈ ।ਬ੍ਰਹਮ ਚੇਤਨ ਅਗਿਆਨ ਤੋਂ ਸੂਕਸ਼ਮ ਤੇ ਵਿਆਪਕ ਹੈ, ਕਿਉਂਕਿ ਅਗਿਆਨ ਮਨ ਕਰਕੇ ਮਹਿਸੂਸ ਨਹੀਂ ਹੁੰਦਾ ਪ੍ਰੰਤੂ ਮੈਂ ਨਹੀਂ ਜਾਣਦਾ ਹਾਂ ।ਇਸ ਅਨੁਭਵ ਰੂਪ ਲਿੰਗ ਕਰਕੇ ਤਿਸਦਾ ਅਨੁਮਾਨ ਹੁੰਦਾ ਹੈ, ਅਤੇ ਬ੍ਰਹਮ ਚੇਤਨ ਸਵੈਮ ਪ੍ਰਕਾਸ ਰੂਪ ਹੋਣ ਕਰਕੇ ਕਿਸੇ ਵੀ ਪ੍ਰਮਾਣ ਦਾ ਵਿਸ਼ਾ ਨਹੀਂ ਅਤੇ ਸਰੀਰ ਵਿਖੇ ਤਿਲ ਦੀ ਤਰਾਂ ਬ੍ਰਹਮ ਦੇ ਇਕ ਦੇਸ਼ ਵਿਖੇ ਸਥਿਤ ਹੈ ।ਅਤੇ ਬਾਕੀ ਬਚਿਆ ਬ੍ਰਹਮ ਸ਼ੁੱਧ ਸਵੈਂਮ ਪ੍ਰਕਾਸ ਹੈ ।ਇਸਤਰਾਂ ਵੇਦਾਂਤ ਵਿਚ ਕਿਹਾ ਹੈ ।ਇਸਤਰਾਂ ਨਾਲ ਵੀ ਬ੍ਰਹਮ ਚੇਤਨ ਅਗਿਆਨ ਤੋਂ ਸੂਕਸ਼ਮ ਤੇ ਵਿਆਪਕ ਹੈ ।ਇਸ ਤਰਾਂ ਸਮਾਨ ਚੇਤਨ ਰੂਪ ਬ੍ਰਹਮ ਦੀ ਸਾਰੇ ਪ੍ਰਪੰਚ ਤੋਂ ਜਿਅਦਾ ਸੂਕਸ਼ਮਤਾ ਅਤੇ ਵਿਆਪਕਤਾ ਹੈ ।

ਪ੍ਰ ;-198 ਸਮਾਨ ਚੇਤਨ ਦੇ ਜਾਣਨ ਨਾਲ ਕੀ ਨਿਸਚਾ ਕਰੋ ?

ਉ ;- ਅਸਤਿ -ਭਾਤਿ -ਪ੍ਰਿਯ ਰੂਪ ਸਮਾਨ ਚੇਤਨ ਜੋ ਬ੍ਰਹਮ ਹੈ ।ਸੋ ਮੈਂ ਹਾਂ ਅਤੇ ਮੈਂ ਉਹ ਅਸਤਿ -ਭਾਤਿ -ਪ੍ਰਿਯ ਰੂਪ ਸਮਾਨ ਚੇਤਨ ਬ੍ਰਹਮ ਹਾਂ ,ਅਤੇ ਨਾਂਮ ਰੂਪ ਜਗਤ ਮੇਰੇ ਵਿਖੇ ਕਲਪਿਤ ਹੈ ,ਇਹ ਨਿਸਚਾ ਕਰੋ ।

ਪ੍ਰ:- 199 ;- ਇਸਤਰਾਂ ਨਿਸਚਾ ਕਰਨ ਨਾਲ ਕੀ ਹੁੰਦਾ ਹੈ ?

ਉ ;- ਇਸ ਤਰਾਂ ਨਿਸਚਾ ਕਰਨ ਨਾਲ ਸਰਵ ਅਨਰਥ ਦੀ ਨਵਿਰਤੀ ਅਤੇ ਪ੍ਰਮਅਨੰਦ ਦੀ ਪ੍ਰਾਪਤੀ ਰੂਪ ਮੋਕਸ਼ ਹੁੰਦਾ ਹੈ ।



Scanned by CamScanner

## ਗਿਆਰਵੀ ਕਲਾ ਸੁਰੂ ( ਤੱਤ ਤਵੰਮ ਪਦਾਰਥ ਏਕਯ ) ਇੰਦਰਵਿਜਯ ਛੰਦ

ਵਾਚਯ ਰੁ ਲਕਸਯ ਲਖੀ ਤਤ-ਤਵੰਪਦ । ਲਕਸਯ ਦਹੁੰਕਰ ਏਕ ਦ੍ਰਿੜਾਵੈ ।।
ਭਿੰਨ ਜੋ ਦੇਸਹਿ ਕਾਲ ਸੁ ਵਸਤੁ ਰੁ । ਧਰਮ ਸਮੇਤ ਉਪਾਦਿ ਓਡਾਵੈ ।।
ਜਨਮ ਤਿਥੀ ਲਯ ਕਾਰਯ ਮਾਯਿਕ । ਜਾਨਨਹਾਰ ਸਭੀ ਜਗ ਭਾਵੈ ।।
ਈਸਵਰ ਵਾਚਯ ਸੁ ਹੈ ਤਤਪਾਦਿਹ । ਬ੍ਰਹਮ ਸੁ ਲਕਸਯ ਉਪਾਦਿ ਅਭਾਵੈ ।।
ਸੰਸਰਤਿ ਮਾਨਤ ਅਪਹਿਮੈ ਪਰਤੰਤਰ ।ਅਵਿਦਕ ਅਲਪ ਜਨਾਵੈ ।।
ਤਵੰਪਦ ਵਾਚਯ ਸੁ ਜੀਵ ਵਿਵੇਚਿਤ । ਲਕਸਯ ਸੁ ਸਾਕਸਿ ਉਪਾਦਿ ਢਹਾਵੈ ।।
ਵਾਚਯ ਦੁਅਰਥ ਹਿ ਭੇਵ ਵੇ ਹੈ ਪੁਨਿ । ਲਕਸਯ ਵਿਭੇਦ ਨ ਰੰਚਕ ਗਾਵੈ ।।
ਬ੍ਰਹਮ ਅਹੰ ਇਸ ਭਾਤਿ ਜੁ ਜਾਨਤ । ਸੋਈ ਪੀਤਾਂਬਰ ਬ੍ਰਹਮਾਹਿ ਪਾਵੈ ।।

ਪ੍ਰ ;- 200 ਤੱਤ ਪਦ ਕੀ ਹੈ ?

ਉ ;- ਸਾਮ ਵੇਦ ਦੀ ਛਾਂਦੋਗਯਉਪਨਿਸਦ ਦੇ ਛੇਵੇਂ ਪਾਠ ਵਿਖੇ ਸਵੇਤਕੇਤੂ ਨਾਂਮ, ਪੁੱਤਰ ਦੇ ਪ੍ਰਤੀ ਤਿਸਦੇ ਪਿਤਾ ,ਉਦਾਲਕ ਮੁਨੀ ਨੇ ਉਪਦੇਸ ਕੀਤੇ 'ਤਤਵਮਸਿ' ਮਹਾਂਵਾਕ ਦਾ ਜੋ ਪਹਿਲਾ ਪਦ, ਉਹ ਤਤ ਪਦ ਹੈ ।

ਪ੍ਰ ;- 201 ਤਵੰ ਪਦ ਕੀ ਹੈ ?

ਉ ;- ਇਸੇ ਹੀ ਤਤਮਸਿਹ ਮਹਾਂਵਾਕ ਦਾ ਦੂਸਰਾ ਪਦ ਤਵੰ ਪਦ ਹੈ ।

ਪ੍ਰ ;- 202 ਵਾਚਯ ਅਰਥ ਅਤੇ ਲਕਸ਼ ਅਰਥ ਕੀ ਹੈ ?

ਉ ;- ਸਬਦ ਦਾ ਅਰਥ ਦੇ ਨਾਲ ਜੋ ਸਬੰਧ ਹੈ ਓਹ ਸਬਦ ਦੀ ਵਿਰਤੀ ਹੈ । ਓਹ ਵਿਰਤੀ ਦੋ ਪ੍ਰਕਾਰ ਦੀ ਹੈ । 1 ਸ਼ਕਤੀ ਵਿਰਤੀ 2 ਲਕਸਣਾਂ ਵਿਰਤੀ । ਸਬਦ ਵਿਚ ਅਰਥ ਦੇ ਗਿਆਨ ਕਰਨ ਦਾ ਸਮਰੱਥ ਰੂਪ ਜੋ ਸਬਦ ਦਾ ਅਰਥ ਦੇ ਨਾਲ ਸਿੱਧਾ ਸਬੰਧ ,ਇਹ ਸਬਦ ਦੀ ਸ਼ਕਤੀ ਵਿਰਤੀ ਹੈ । ਸਕਤੀ ਵਿਰਤੀ ਤੋਂ ਜਾਣੇ ਹੋਏ ਅਰਥ ਦੁਆਰਾ ਜੋ ਸਬਦ ਦਾ ਅਰਥ ਦੇ ਨਾਲ ਪ੍ਰੰਪਰਾ ਰੂਪ ਸਬੰਧ ਹੈ ਉਹ ਸਬਦ ਦੀ ਲਕਸਣਾਂ ਹੈ । ਇਨਾਂ ਵਿਚ ਸਕਤੀ ਵਿਰਤੀ ਕਾਰਨ ਜੋ ਅਰਥ ਜਾਣੋਂ ਉਹ ਸਬਦ ਵਾਚ ਅਰਥ ਹੈ । ਇਸ ਨੂੰ ਸ਼ਕ ਅਰਥ ਤੇ ਮੁੱਖ ਅਰਥ ਵੀ ਕਹਿੰਦੇ ਹਨ ਅਤੇ ਲਕਸਣ ਵਿਰਤੀ ਕਰਕੇ ਜੋ ਅਰਥ ਜਾਣੇ, ਉਹ ਸਬਦ ਦਾ ਲਕਸ ਅਰਥ ਕਹੋ ।

ਪ੍ਰ ;-203 ਲਕਸਣਾਂ ਵਿਰਤੀ ਕਿੰਨੇ ਪ੍ਰਕਾਰ ਦੀ ਹੈ ?

ਉ ;- 1 ਜਹਤ 2 ਅਜਾਹਤ , ਅਤੇ ਭਾਗ ਤਿਆਗ ਦੇ ਭੇਦ ਤੋਂ ਲਕਸ਼ਣਾਂ ਵਿਰਤੀ ਤਿੰਨ ਪ੍ਰਕਾਰ ਦੀ ਹੈ ?



Scanned by CamScanner

ਪ੍ਰ:- 204 ਤਿੰਨ ਪ੍ਰਕਾਰ ਦੀ ਲਕਸ਼ਣਾਂ ਵਿਰਤੀ ਦੇ ਲਕਸ਼ਣ ਅਤੇ ਉਦਾਹਰਣ ਕੇਹੜੇ ਹਨ ?
ਉ ;- ਜਿਥੇ ਪੂਰੇ ਵਾਚਅਰਥ ਨੂੰ ਛੱਡਕੇ, ਵਾਚਅਰਥ ਦੇ ਸਬੰਧੀ ਨੂੰ ਅਪਣਾਇਆ ਜਾਂਦਾ ਹੈ ਇਹ ਜਹਤ ਲਕਸਣਾਂ ਹੈ ।ਜਿਸ ਤਰਾਂ ਕਿਸੇ ਪੁਰਸ਼ ਨੇ ਕਿਸੇ ਨੂੰ ਪੁੱਛਿਆ ਕਿ ਗਊਆਂ ਦਾ ਵਾੜਾ ਕਿਥੇ ਹੈ ਉਸ ਨੇ ਕਿਹਾ ਕਿ ਗੰਗਾ ਵਿਖੇ ਗਊਆਂ ਦਾ ਵਾੜਾ ਹੈ । ਇਥੇ ਗੰਗਾ ਸਬਦ ਦਾ ਵਾਚ ਅਰਥ ਦੇਵ ਨਦੀ ਦਾ ਪ੍ਰਵਾਹ ਹੈ । ਜਿਸ ਵਿਚ ਗਉਆਂ ਦਾ ਵਾੜਾ ਹੋਣਾਂ ਸੰਭਵ ਨਹੀਂ ਇਸ ਲਈ ਸੰਪੂਰਨ ਵਾਚਅਰਥ ਜੋ ਦੇਵ ਨਦੀ ਦਾ ਪ੍ਰਵਾਹ ਹੈ ਇਸ ਦਾ ਤਿਆਗ ਕਰਕੇ ,ਇਸਦੇ ਸਬੰਧੀ ਕਿਨਾਰੇ ਦਾ ਗ੍ਰਹਿਣ ਹੈ । ਜਿਥੇ ਵਾਚ ਅਰਥ ਦਾ ਤਿਆਗ ਨਾਂ ਕਰਕੇ ਤਿਸਦੇ ਸਬੰਧੀ ਦਾ ਗ੍ਰਹਿਣ ਹੋਵੇ ।ਸੋ ਅਜਹਤ ਲੱਕਸਣਾਂ ਹੈ ।ਜਿਸਤਰਾਂ ਕਿਸੇ ਨੇ ਕਿਹਾ ਕਿ ਘੋੜਾ ਦੌੜਦਾ ਹੈ, ਇਥੇ ਘੋੜਾ ਪਦ ਦਾ ਵਾਚਅਰਥ ਜੋ ਲਾਲ ਰੰਗ ਹੈ, ਉਸਨੂੰ ਦੌੜਨਾਂ ਸੰਭਵ ਨਹੀਂ ਇਸ ਲਈ ਲਾਲ ਰੰਗ ਵਾਲਾ ਘੋੜਾ ਦੌੜਦਾ ਹੈ ।ਇਸਤਰਾਂ ਵਾਚਅਰਥ ਦਾ ਤਿਆਗ ਨਾਂ ਕਰਕੇ ,ਇਸ ਸਬੰਧੀ ਘੋੜੇ ਅਰਥ ਦਾ ਗ੍ਰਹਿਣ ਹੁੰਦਾ ਹੈ ।ਜਿਥੇ ਵਿਰੋਧੀ ਕੁੱਝ ਵਾਚ ਭਾਗ ਦਾ ਤਿਆਗ ਕਰਕੇ ਤਿਸਦੇ ਸਬੰਧੀ ਅਵਿਰੋਧੀ ਕੁਝ ਕੁ ਵਾਚ ਭਾਗ ਦਾ ਗ੍ਰਹਿਣ ਹੋਵੇ ,ਉਹ ਭਾਗ ਤਿਆਗ ਲੱਛਣਾਂ ਹੈ ।ਜਿਸਤਰਾਂ ਪਹਿਲਾਂ ਕਿਸੇ ਦੇਸ ਵਿਚ ਵੇਖਿਆ ਪੁਰਸ਼ ,ਹੋਰ ਦੇਸ ਵਿਚ ਚਲਾ ਜਾਵੇ ,ਤਾਂ ਦੇਖਣ ਵਾਲਾ ਪੁਰਸ ਕਹਿੰਦਾ ਹੈ ਕਿ ਜੋ ਪੁਰਸ਼ ਤਿਸ ਦੇਸ ਵਿਖੇ ,ਵੇਖਿਆ ਸੀ ਉਹ ਹੁਣ ਇਸ ਦੇਸ ਵਿਖੇ ਆਇਆ ਹੈ । ਇਥੇ ਤਿਸ ਦੇਸ ਕਾਲ ਅਤੇ ਇਸ ਦੇਸ ਕਾਲ ਰੂਪੀ ਵਾਚਭਾਗ ਦੀ ਏਕਤਾ ਦਾ ਵਿਰੋਧ ਹੈ । ਇਸ ਲਈ ਦੇਸ ਦੀ ਦ੍ਰਿਸਟੀ ਤਿਆਗਕੇ ਪੂਰਨ ਉਹ ਹੀ ਹੈ, ਜਿਸਦੇ ਅਵਿਰੋਧੀ ਵਾਚਭਾਗ ਦਾ ਗ੍ਰਹਿਣ ਹੁੰਦਾ ਹੈ ।

ਪ੍ਰ ;- 205 ਤਿੰਨ ਪ੍ਰਕਾਰ ਦੀ ਲਕਸਣਾਂ ਵਿਚੋਂ ਮਹਾਂਵਾਕ ਵਿਖੇ ਕੇਹੜੀ ਲਕਸਣਾਂ ਸੰਭਵ ਹੈ
ਉ ;- ਜਿਥੇ ਜਹਤ ਲੱਛਣ ਹੁੰਦਾ ਹੈ, ਉਥੇ ਸੰਪੂਰਣ ਵਾਚ ਅਰਥ ਦਾ ਤਿਆਗ ਹੁੰਦਾ ਹੈ ਜੋ ਮਹਾਂਵਾਕ ਸਬੰਧੀ ਜਹਤ ਲੱਛਣ ਮੰਨੋ, ਤਾਂ ਤਤਵ ਪਦ ਦੇ ਵਾਚ ਅਰਥ ਸਬੰਧੀ ਪ੍ਰਵੇਸ ਹੋਏ ਬ੍ਰਹਮ ਚੇਤਨ ਅਤੇ ਸ਼ਾਕਸੀ ਚੇਤਨ ਦਾ ਤਿਆਗ ਹੋਵੇਗਾ ਅਤੇ ਇਸ ਤੋਂ ਵੱਖ ਅਸਤ ਜੜ, ਦੁੱਖ, ਸਵਰੂਪ, ਪ੍ਰਪੰਚ ਨੂੰ ਲੈਣਾਂ ਹੋਵੇਗਾ ਅਰਥਾਤ ਸਮਸਟਿ-ਵਿਅਸਟਿ, (ਸਾਰੀਆਂ ਚੀਜਾਂ) ਪ੍ਰਪੰਚ ਮਈ ਉਪਾਧੀ ਦਾ ਵੀ ਚੇਤਨ ਦੇ ਨਾਲ ਤਿਆਗ ਕਾਰਨ ਬਾਕੀ ਰਹੇ (ਸੁਨਯ) ਨੂੰ ਵੀ ਧਾਰਨ ਕਰਨਾਂ ਹੋਵੇਗਾ ਨਹੀਂ ਤਾਂ



Scanned by CamScanner

ਮਹਾਂ ਅਨਰਥ (ਵਿਨਾਸ) ਦੀ ਪ੍ਰਾਪਤੀ ਹੋਵੇਗੀ । ਇਸ ਤੋਂ ਪੁਰਸਾਰਥ ਨਹੀਂ ਹੁੰਦਾ ਇਸ ਲਈ ਮਹਾਂਵਾਕ ਸਬੰਧੀ ਜਹਿਤ ਲਕਸ਼ਣਾਂ ਸੰਭਵ ਨਹੀਂ । ਜਿਥੇ ਜਾਹਤ ਲਕਸਣਾਂ ਹੋਵੇ ਉਥੇ ਵਾਚ ਅਰਥ ਦਾ ਤਿਆਗ ਨਹੀਂ ਹੁੰਦਾ ਅਤੇ ਜਿਆਦਾ ਅਰਥ ਧਾਰਨ ਹੋਵੇਗਾ । ਜੇ ਕੁਝ ਵੀ, ਮਹਾਂਵਾਕ ਵਿਖੇ ਅਜਾਹਤ ਲਕਸ਼ਣਾਂ ਮੰਨੀਏ ਤਾਂ ਤਤਵ ਪਦ (ਸਬਦ) ਦਾ ਵਾਚ ਅਰਥ ਜਿਓਂ ਦਾ ਤਿਉਂ ਰਹੇਗਾ ਅਤੇ ਇਸੇ ਨਾਲ ਸੁਨਯ ਅਰਥ ਨੂੰ ਧਾਰਨ ਕਰਨਾਂ ਹੋਵਗਾ । ਇਸ ਲਈ ਏਕਤਾ ਦਾ ਵਿਰੋਧ ਦੂਰ ਨਹੀਂ ਹੁੰਦਾ, ਇਸਲਈ ਲੱਛਣਾਂ ਕਰਨ ਦਾ ਕੁਝ ਤਰੀਕਾ ਸਿੱਧ ਨਹੀਂ ਹੁੰਦਾ ਇਸ ਲਈ ਮਹਾਂਵਾਕ ਸਬੰਧੀ ਅਜਹਤ ਲੱਛਣਾਂ ਸੰਭਵ ਨਹੀਂ ਜਿਥੇ ਭਾਗ ਤਿਆਗ ਲੱਛਣਾਂ ਹੋਵੇ, ਉਥੇ ਵਿਰੋਧੀ ਭਾਗ ਦਾ ਤਿਆਗ ਕਰਕੇ, ਬਿਨਾਂ ਵਿਰੋਧੀ ਭਾਗ ਨੂੰ ਧਾਰਨ ਕਰਨਾਂ ਹੁੰਦਾ ਹੈ । ਜੇ ਮਹਾਂਵਾਕ ਵਿਚ ਭਾਗ ਤਿਆਗ ਲੱਛਣ ਮੰਨੋ ਤਾਂ ਤਤਵੰ ਪਦ ਦੇ ਵਾਚ ਅਰਥ ਵਿਚ ਧਰਮ ਸਹਿਤ ਮਾਇਆ ਅਗਿਆਨ ਰੂਪੀ ਵਿਰੋਧੀ ਭਾਗ ਦਾ ਤਿਆਗ ਹੁੰਦਾ ਹੈ । ਅਤੇ ਬਿਨਾਂ ਵਿਰੋਧੀ ਅਸੰਗ, ਸ਼ੁੱਧ ਚੇਤਨ ਭਾਗ ਨੂੰ ਗ੍ਰਹਿਣ ਕਰਦਾ ਹੈ, ਇਸ ਲਈ ਇੰਨਾਂ ਦੀ ਏਕਤਾ ਹੁੰਦੀ ਹੈ ਇਸਤੋਂ ਪਰਮ ਪੁਰਸਾਰਥ ਦੀ ਪ੍ਰਾਪਤੀ ਹੁੰਦੀ ਹੈ । ਇਸ ਲਈ ਮਹਾਂਵਾਕ ਵਿਚ ਭਾਗ ਤਿਆਗ ਲੱਛਣਾਂ ਸੰਭਵ ਹੈ।

ਪ੍ਰ :- 206 ਤਤ ਪਦ ਦਾ ਅਰਥ ਅਤੇ ਲਕਸ਼ ਅਰਥ ਕੀ ਹੈ ?

ਉ :- ਅਵਯਕ੍ਰਿਤ ਜੋ ਮਾਇਆ ਸੋ ਈਸ਼ਵਰ ਦਾ ਦੇਸ਼ ਹੈ । ਉਤਪਤੀ, ਸਥਿਤੀ ਅਤੇ ਪਰਲੌ ਇਹ ਤਿੰਨ ਈਸਵਰ ਦੇ ਕਾਲ ਹਨ । ਸਤੋ, ਰਜੋ, ਤਮੋਂ ਇਹ ਤਿੰਨ ਈਸ਼ਵਰ ਦੇ ਵਸਤੂ ਹਨ । (ਸਰਿਸਟੀ ਦੀ ਸਮਗਰੀ ਹੈ) ਵਿਰਾਟ, ਹਿਰਣ ਗਰਭ ਅਤੇ ਅਵਿਯਕ੍ਰਿਤ ਇਹ ਤਿੰਨ ਈਸ਼ਵਰ ਦੇ ਸਰੀਰ ਹਨ । ਵੈਸਵਾਨਰ, ਸੂਤਰ ਆਤਮਾਂ ,ਅੰਤਰਜਾਮੀ ਇਹ ਤਿੰਨ ਈਸਵਰ ਦੇ ਅਭਿਮਾਨੀ ਹਨ । ਮੈਂ ਇੱਕ ਹਾਂ ਇਸ ਲਈ ਬਹੁ ਰੂਪ ਹੋਵਾਂ, ਐਸੀ ਜੋ ਇੱਛਾ ਹੈ ਇਸ ਨੂੰ ਮੁੱਖ ਮੰਨਕੇ ਜੀਵ ਰੂਪ ਕਰਕੇ ਪ੍ਰਵੇਸ ਹੋਇਆ ।ਇਥੇ ਸਾਰੀ ਸਰਿਸਟੀ ਈਸਵਰ ਕਾ ਕਾਰੀਯ ਹੈ ।ਸਰਵਸ਼ਕਤੀਪਣਾ -ਸਰਵਗਿਆਪਨਾਂ -ਵਿਆਪਕਤਾ- ਏਕਪਨਾਂ, ਸਵਾਧੀਨਪਨ, ਸਮਰੱਥਪਣਾਂ, ਪ੍ਰੋਕਸ਼ਪਣਾਂ, ਮਾਇਆਉਪਾਧੀਵਾਨ ਪਣਾਂ, ਇਹ 8 ਈਸਵਰ ਦੇ ਧਰਮ ਹਨ ।ਇੰਨਾਂ ਸਾਰਿਆਂ ਨਾਲ ਮਾਇਆ ਅਤੇ ਤਿਨ ਵਿਖੇ ਪ੍ਰਤ੍ਰੀਬਿੰਬ ਰੂਪ ਚਿਦਾਭਾਸ ਅਤੇ ਤਿਨਕਾ ਅਧਿਸਠਾਨ ਬ੍ਰਹਮ ਇੰਨਾਂ ਸਾਰਿਆਂ ਨੂੰ ਮਿਲਾਕੇ ਈਸਵਰ ਕਹੋ । ਸੋ ਤਤ ਪਦ ਦਾ ਵਾਚ ਅਰਥ ਹੈ । ਇੰਨਾਂ ਸਾਰਿਆਂ ਸਹਿਤ ਮਾਇਆ ਅਤੇ ਚਿਦਾਭਾਸ ਦਾ ਤਿਆਗ ਕਰਕੇ ਬਾਕੀ ਰਿਹਾ ਜੋ ਵਿਰਾਟ, ਹਰਣਗਰਭ ਅਤੇ ਅਵਿਯਕ੍ਰਿਤ ਕਾ ਅਧਿਸਠਾਨ ਈਸਵਰ, ਸਾਕਸੀ ,ਸ਼ੁੱਧ ਬ੍ਰਹਮ ਜੋ ਤਤ ਪਦ ਦਾ ਲਕਸ ਅਰਥ ਹੈ ।



Scanned by CamScanner

ਪ੍ਰ :-207 ਬ੍ਰਹਮ ਦਾ ਮਾਇਆ ਵਿਚ ਪ੍ਰਤੀਬਿੰਬ ਰੂਪ ਈਸਵਰ ਦਾ ਪ੍ਰਸਪਰ ਅਧਿਆਸ ਕਿਸ ਤਰਾਂ ਹੈ ?

ੳ :- ਅਵਿਚਾਰ ਦ੍ਰਿਸਟੀ ਤੋਂ ਬ੍ਰਹਮ ਦੇ ਸਤ ਹੋਣ ਦਾ ਈਸਵਰ ਵਿਖੇ ਸੰਸਰਗ (ਬ੍ਰਹਮ ਤੇ ਈਸ਼ਵਰ ਦਾ ਮਿਲਾਪ) ਅਧਿਅਸਤ ਹੈ ,ਇਸ ਲਈ ਈਸਵਰ ਸਤ ਹੁੰਦਾ ਹੈ ।ਈਸਵਰ ਅਤੇ ਇਸ ਦੀ ਕਾਰਣਤਾ ਦਾ ਸਵਰੂਪ ਬ੍ਰਹਮ ਵਿਚ ਅਧਿਅਸਤ ਹੈ, ਇਸ ਕਰਕੇ ਬ੍ਰਹਮ ਜਗਤ ਦਾ ਕਾਰਨ ਪ੍ਰਤੀਤ ਹੁੰਦਾ ਹੈ ।ਇਸ ਦਾ ਅਨੁਵਾਦ ਤਟਸਥ ਲੱਛਣ ਦੇ ਬੋਧਕ ਸਰਤਿ ਪ੍ਰਾਣ ਅਤੇ ਅਚਾਰੀਯ ਦੇ ਬਚਨ ਕੀਤੇ ਹਨ ।ਇਸ ਤਰਾਂ ਬ੍ਰਹਮ ਅਤੇ ਈਸਵਰ ਦਾ ਪ੍ਰਸਪਰ ਅਧਿਆਸ ਹੈ ।

ਪ੍ਰ :- 208 ਉਕਤ ਅਧਿਆਸ ਦੀ ਨਵਿਰਤੀ ਕਿਸਨਾਲ ਹੁੰਦੀ ਹੈ ?

ੳ :- ਉਕਤ ਅਧਿਆਸ ਦੀ ਨਵਿਰਤੀ ਵਿਵੇਕ ਗਿਆਨ ਨਾਲ ਹੁੰਦੀ ਹੈ ।

ਪ੍ਰ :- 209 ਤਵੰ ਪਦ ਦਾ ਵਾਚਯ ਅਰਥ ਅਤੇ ਲਕਸ਼ ਅਰਥ ਕੀ ਹੈ ?

ੳ :- ਅੱਖਾਂ, ਕੰਠ, ਹਿਰਦਾ ਇਹ ਤਿੰਨ ਜੀਵ ਦੇ ਦੇਸ ਹਨ ।ਜਾਗ੍ਰਤ, ਸਵਪਨ, ਸੁਸਪਤਿ ਇਹ ਤਿੰਨ ਜੀਵ ਦੇ ਕਾਲ ਹਨ ।ਸਥੂਲ ,ਸੂਕਸ਼ਮ ਅਤੇ ਕਾਰਨ ਇਹ ਤਿੰਨ ਜੀਵ ਦੇ ਵਸਤੂ ਹਨ (ਭੋਗ ਸਮਗਰੀ) ਇਹ ਹੀ ਸਰੀਰ ਹੈ । ਵਿਸਵ ਤੈਜਸ, ਪ੍ਰਾਗਯ ਇਹ ਤਿੰਨ ਜੀਵ ਪਣ ਦੇ ਅਭਿਮਾਨੀ ਹਨ । ਜਾਗਰਤ ਤੋਂ ਮੋਕਸ਼ ਪ੍ਰਯੰਤ ਜੋ ਭੋਗਰੂਪ ਸੰਸਾਰ ਹੈ ਇਹ ਜੀਵ ਦਾ ਕਾਰੀਯ ਹੈ ।ਅਲਪ ਸਕਤੀਪਣਾਂ, ਅਲਪੱਗਪਣਾਂ, ਪ੍ਰੀਛਿੰਨਪਣਾਂ ਨਾਨਾਂਪਣ ,ਪਰਾਧੀਨਪਣ ,ਅਸਮਰਥਪਣਾਂ ,ਪ੍ਰੋਕਸ਼ਪਣਾਂ ਅਤੇ ਅਵਿਦਿਆਉਪਾਧੀਵਾਨ ਇਹ 8 ਜੀਵ ਦੇ ਧਰਮ ਹਨ । ਇੰਨਾਂ ਸਾਰਿਆਂ ਸਹਿਤ ਜੋ ਅਵਿਦਿਆ ਅਤੇ ਤਿਸ ਵਿਖੇ ਪ੍ਰਤੀਬਿੰਬ ਰੂਪ ਚਿਦਾਭਾਸ ਅਤੇ ਤਿੱਨਾਂ ਦਾ ਅਧਿਸਠਾਨ ਕੂਟਸਥ ਵਿਚ ਸਾਰਾ ਮਿਲਕੇ ਜੀਵ ਕਹੋ । ਇਹ ਜੀਵ ਤਵੰ ਪਦ ਦਾ ਵਾਚਯ ਅਰਥ ਹੈ , ਇੰਨਾਂ ਸਾਰਿਆਂ ਸਮੇਤ ਚਿਦਾਭਾਸ਼ ਦਾ ਤਿਆਗ ਕਰਕੇ ਬਾਕੀ ਰਿਹਾ ਜੋ ਸਥੂਲ ਸੂਕਸ਼ਮ ,ਕਾਰਨ ਸਰੀਰ ਦਾ ਅਧਿਸਠਾਨ ,ਜੀਵ ਸਾਕਸੀ ਕੂਟਸਥ ਆਤਮਾਂ ,ਸੋ ਤਵੰ ਪਦ ਦਾ ਲਕਸ਼ ਅਰਥ ਹੈ ।

ਪ੍ਰ :- 210 ਕੂਟਸਥ ਅਤੇ ਬੁੱਧੀ ਵਿਚ ਪ੍ਰਤੀਬਿੰਬ ਰੂਪ ਜੀਵ ਦਾ ਪ੍ਰਸਪਰ ਅਧਿਆਸ ਕਿਵੇਂ ਹੈ ?

ੳ :- ਅਵਿਚਾਰ ਦ੍ਰਿਸਟੀ ਨਾਲ ਕੂਟਸਥ ਦੇ ਸਤ ਹੋਣ ਦਾ ਸੰਸਰਗ ਜੀਵ ਵਿਚ ਅਧਅਸਤ ਹੈ ਜਿਸ ਕਾਰਨ ਜੀਵ ਮਿਥਿਆ ਪ੍ਰਤੀਤ ਨਹੀਂ ਹੁੰਦਾ ,ਪ੍ਰੰਤੂ ਸਤ ਪ੍ਰਤੀਤੀ ਹੁੰਦਾ ਹੈ ਅਤੇ ਜੀਵ ਅਤੇ ਉਸ ਦੇ ਉਸਦੇ ਕਰਤਾਪਣ ਆਦਿ ਧਰਮ ਦਾ ਸਵਰੂਪ ਕੂਟਸਥ ਵਿਚ ਅਧਿਅਸਤ ਹੈ ਇਸ ਲਈ ਕੂਟਸਥ ਅਕਰਤਾ, ਅਭੋਗਤਾ ,ਅਸੰਸਾਰੀ ,ਨਿੱਤ ਮੁਕਤ ਅਸੰਗ ,ਬ੍ਰਹਮ ਰੂਪ ਪ੍ਰਤੀਤ ਨਹੀਂ ਹੁੰਦਾ, ਪ੍ਰੰਤੂ ਤਾਂ ਹੀ ਵਿਪਰੀਤ ਪ੍ਰਤੀਤ ਹੁੰਦਾ ਹੈ । ਇਸ ਤਰਾਂ ਕੂਟਸਥ ਦਾ ਅਤੇ ਜੀਵ ਦਾ ਪ੍ਰਸਪਰ ਅਧਿਆਸ ਹੈ ।



Scanned by CamScanner

ਪ੍ਰ ;- 211 ਉਕਤ ਅਧਿਆਸ ਦੀ ਨਵਿਰਤੀ ਕਿਸ ਨਾਲ ਹੁੰਦੀ ਹੈ ?

ਉ ;- ਉਕਤ ਅਧਿਆਸ ਦੀ ਨਵਿਰਤੀ ਵਿਵੇਕ ਗਿਆਨ ਨਾਲ ਹੁੰਦੀ ਹੈ ।

ਪ੍ਰ ;- 212 ਤਤ ਪਦ ਅਤੇ ਤਵੰ ਪਦ ਦੇ ਅਰਥ ਦੀ ਮਹਾਂਵਾਕ ਵਿਖੇ ਕਥਨ ਕਰੀ ਏਕਤਾ ਕਿਸ ਤਰਾਂ ਸੰਭਵ ਹੈ ?

ਉ ;- ਜੇਕਰ ਤਤ ਪਦ ਅਤੇ ਤਵੰ ਪਦ ਦੇ ਵਾਚਯ ਅਰਥ ਜੋ ਉਪਾਧੀ ਸਹਿਤ ਚੇਤਨ (ਈਸਵਰ ਅਤੇ ਜੀਵ) ਹੈ ਇੰਨਾਂ ਦੀ ਏਕਤਾ ਦਾ ਵਿਰੋਧ ਹੈ ਤਾਂ ਹੀ ਤਤ ਪਦ ਦਾ ਲਕਸ ਅਰਥ ਬ੍ਰਹਮ ਅਤੇ ਤਵੰ ਪਦ ਦਾ ਲਕਸ ਅਰਥ ਆਤਮਾਂ, ਇੰਨਾਂ ਦੀ ਏਕਤਾ ਦਾ ਕੁੱਝ ਵੀ ਵਿਰੋਧ ਨਹੀਂ। ਇਸ ਤਰਾਂ ਤਤ ਪਦ ਅਤੇ ਤਵੰ ਪਦ ਦੇ ਅਰਥ ਦੀ ਮਹਾਂਵਾਕ ਵਿਖੇ ਕਥਨ ਕਰੀ ਏਕਤਾ ਸੰਭਵ ਹੈ ।

ਪ੍ਰ ;- 213 ''ਮੈਂ ਬ੍ਰਹਮ ਹਾਂ '' ਐਸਾ ਬ੍ਰਹਮ ਆਤਮਾਂ ਦੀ ਏਕਤਾ ਗਿਆਨ ਕਿਸਨੂੰ ਹੁੰਦਾ ਹੈ ?

ਉ ;- ਇਹ ਗਿਆਨ ਚਿਦਾਭਾਸ ਨੂੰ ਹੁੰਦਾ ਹੈ ।

ਪ੍ਰ ;- 214 ਬ੍ਰਹਮ ਤੋਂ ਭਿੰਨ ਜੋ ਚਿਦਾਭਾਗ ਸੋ ਆਪਨੂੰ ਬ੍ਰਹਮ ਰੂਪ ਕਰਕੇ ਕਿਵੇਂ ਜਾਣੇਂ ?

ਉ ;- ਜੀਵ ਭਾਵ ਦੇ ਅਧਿਸਠਾਨ ਕੂਟਸਥ ਦਾ ਬ੍ਰਹਮ ਨਾਲ ਮੁੱਖ ਅਭੇਦ ਹੈ ਅਤੇ ਬ੍ਰਹਮ ਸਹਿਤ ਚਿਦਾਭਾਸ ਦਾਂ ਬ੍ਰਹਮ ਦੇ ਨਾਲ ਅਪਣੇ ਸਵਰੂਪ ਨੂੰ ਬਾਧ ਕਰਕੇ ਅਭੇਦ ਹੁੰਦਾ ਹੈ ।ਇਸ ਲਈ ਚਿਦਾਭਾਸ ਅਪਣੇ ਸਵਰੂਪ ਦਾ ਬਾਧ ਕਰਕੇ ਅਪਨੂੰ ਅਹੰ ਸਬਦ ਦੇ ਲਕਸ਼ ਅਰਥ ਕੂਟਸਥ ਰੂਪ ਜਾਣਦਾ ਹੈ ਅਤੇ ਅਪਣੇ ਨਿੱਜ ਰੂਪ ਕੂਟਸਥ ਕਾ ਮੈਂ ਕੂਟਸਥ ਹਾਂ ਇਸ ਤਰਾਂ ਅਭਿਮਾਨ ਕਰਕੇ, ਮੈਂ ਬ੍ਰਹਮ ਹਾਂ ਇਸ ਤਰਾਂ ਜਾਣਦਾ ਹੈ । ਇਸ ਤਰਾਂ ਚਿਦਾਭਾਸ ਆਪਨੂੰ ਬ੍ਰਹਮ ਰੂਪ ਕਰਕੇ ਜਾਣਦਾ ਹੈ ।

ਪ੍ਰ ;-215 ਇੰਨਾਂ ਤਤ ਅਤੇ ਤਵੰ ਪਦ ਦੇ ਲਕਸ਼ ਅਰਥ ਦੀ ਏਕਤਾ ਵਿਖੇ ਦ੍ਰਿਸਟਾਂਤ ਕੀ ਹੈ ?

ਉ ;- ਦ੍ਰਿਸਟਾਂਤ ;- ਜਿਸ ਤਰਾਂ ਘਟਮਠ ਉਪਾਧੀ ਸਹਿਤ, ਘਟਾਕਾਸ ਅਤੇ ਮਠਾਕਾਸ ਦੀ ਏਕਤਾ ਦਾ ਵਿਰੋਧ ਹੈ ਇਸੇਤਰਾਂ ਘਟ-ਮਠ ਰੂਪ ਉਪਾਧੀ ਦੀ ਦ੍ਰਿਸਟੀ ਨੂੰ ਛੱਡਕੇ ਕੇਵਲ ਅਕਾਸ ਦੀ ਏਕਤਾ ਦਾ ਵਿਰੋਧ ਨਹੀਂ ਜਿਸ ਤਰਾਂ ਕੱਚ ਦੀ ਹਾਂਡੀ ਅਤੇ ਮਿੱਟੀ ਦੀ ਹਾਂਡੀ ਵਿਚ ਦੀਵਾ, ਤਿਨ ਕੀ ਉਪਾਦੀ ਦੋਹਾਂ ਹਾਂਡੀਆਂ ਦੀ ਏਕਤਾ ਵਿਰੋਧ ਹੈ । ਇੱਥੇ ਅਗਨੀ ਕਰਕੇ ਦੀਪਕ ਦੀ ਏਕਤਾ ਦਾ ਵਿਰੋਧ ਨਹੀਂ ।ਜਿਸਤਰਾਂ ਰਾਜਾ ਅਤੇ ਰਵਾਰੀ (ਭੇਡਾਂ ਗਾਵਾਂ ਵਾਲਾ) ਹੋਵੇ, ਇੰਨਾਂ ਦੀ ਉਪਾਦੀ ਸੈਨਾ ਅਤੇ ਬਕਰੀਆਂ ਦੇ ਝੁੰਡ ਦੀ ਏਕਤਾ ਦਾ ਵਿਰੋਧ ਹੈ ।ਇਸੇ ਤਰਾਂ ਮਨੁੱਖਪਣ ਦੀ ਏਕਤਾ ਦਾ ਵਿਰੋਧ ਨਹੀਂ ਜਿਸਤਰਾਂ ਗੰਗਾ ਜਲ ਅਤੇ ਗੰਗਾ ਜਲ ਦਾ ਕਲਸ ਹੋਵੇ ਤਿੱਨ ਕੀ ਉਪਾਧੀ ਨਦੀ ਔਰ ਕਲਸ ਦੀ ਏਕਤਾਦਾ ਵਿਰੋਧ ਹੈ, ਇਸੇ ਤਰਾਂ ਕੇਵਲ ਗੰਗਾ ਜਲ



Scanned by CamScanner

ਦੀ ਏਕਤਾ ਦਾ ਵਿਰੋਧ ਨਹੀ; ਜਿਸ ਤਰਾਂ ਸਾਗਰ ਅਤੇ ਜਲ ਦੀ ਬੂੰਦ ਹੋਵੇ, ਤਿਨ ਕੀ ਉਪਾਧੀ ਸਾਗਰ ਅਤੇ ਬਿੰਦੂ ਦੀ ਏਕਤਾ ਦਾ ਵਿਰੋਧ ਹੈ । ਕੇਵਲ ਜਲ ਦੀ ਏਕਤਾ ਦਾ ਵਿਰੋਧ ਨਹੀਂ, ਜਿਸ ਤਰਾਂ ਕਿਸੇ ਇੱਕ ਹੀ ਪੁਰਸ ਨੂੰ ਪਿਤਾ ਦੇ ਰਿਸਤੇ ਪੁੱਤਰ ਕਹਿੰਦੇ ਹਨ ਅਤੇ ਦਾਦੇ ਦੇ ਰਿਸਤੇ ਤੋਂ ਪੋਤਰਾ ਕਹਿੰਦੇ ਹਨ, ਤਿਨ ਕੀ ਉਪਾਧੀ ਪਿਤਾ ਔਰ ਦਾਦੇ ਦੀ ਏਕਤਾ ਦਾ ਵਿਰੋਧ ਹੈ ਕੇਵਲ ਪੁਰਸ਼ ਦੀ ਏਕਤਾ ਦਾ ਵਿਰੋਧ ਨਹੀਂ ਜਿਸ ਤਰਾਂ ਕੋਈ ਕਾਂਸ਼ੀ ਦਾ ਰਾਜਾ ਸੀ,ਉਹ ਹਾਥੀ ਤੇ ਚੜ੍ਹਕੇ ਨਿਕਲਦਾ ਸੀ। ਉਸਨੂੰ ਕਿਸੇ ਯਾਤਰੀ ਨੇ ਚੰਗੀ ਤਰਾਂ ਵੇਖਿਆ ਸੀ ।ਉਹ ਯਾਤਰੀ ਅਪਣੇਂ ਦੇਸ਼ ਗਿਆ ।ਉਸ ਰਾਜੇ ਨੂੰ ਕਿਸੇ ਰਾਜੇ ਨੇ, ਉਸ ਦਾ ਰਾਜ ਖੋਹਕੇ, ਰਾਜ ਵਿਚੋਂ ਨਿਕਾਲ ਦਿੱਤਾ ਤਾਂ ਉਹ ਲਗੋਟੀ ਪਹਿਨਕੇ, ਵਿਭੂਤੀ ਲਗਾਕੇ ਹੱਥ ਵਿਚ ਤੂੰਬੀ ਅਤੇ ਡੰਡਾ ਲੈਕੇ ਨਗਨ ਅਵਸਥਾ ਵਿਚ ਤੀਰਥ ਯਾਤਰਾ ਗਿਆ । ਫਿਰਦੇ ਫਿਰਦੇ ਉਸ ਯਾਤਰੀ ਦੇ ਪਿੰਡ ਗਿਆ, ਰਾਜੇ ਨੂੰ ਵੇਖਕੇ ਯਾਤਰੀ ਨੇ ਕਿਹਾ ਕਿ ਜੋ ਰਾਜਾ ਕਾਂਸੀ ਵਿਖੇ ਵੇਖਿਆ ਸੀ, ਇਹ ਉਹ ਹੀ ਰਾਜਾ ਹੈ, ਤਾਂ ਦੂਸਰੇ ਯਾਤਰੀ ਕਹਿਣ ਲੱਗੇ ਕਿ ਉਹ ਦੇਸ ਵੱਖ, ਇਹ ਵੱਖ, ਦੋਹਾਂ ਦੀ ਅਵਸਥਾ ਵਿਚ ਅੰਤਰ, ਤਿਸਦੀ ਸਮਗਰੀ ਅਤੇ ਇਸ ਦੀ ਸਮਗਰੀ ਵਿਚ ਅੰਤਰ ਹੈ । ਉਸ ਦਾ ਹੰਕਾਰ ਵੱਖ ਅਤੇ ਤ੍ਰਿਸ ਦਾ ਵੱਖ, ਇੰਨਾਂ: ਦਾ ਧਰਮ ਹੋਰ ਅਤੇ ਉਨਾਂ ਦਾ ਹੋਰ, ਇਸ ਲਈ ਉਸ ਕਾਂਸੀ ਦੇ ਰਾਜੇ ਦੀ ਅਤੇ ਇਸ ਭਿਕਸੂ ਦੀ ਏਕਤਾ ਕਿਵੇਂ ਹੋਵੇ । ਤਾਂ ਪਹਿਲੇ ਯਾਤਰੀ ਨੇ ਕਿਹਾ ਕਿ ਉਸਦੇ ਅਤੇ ਇਸਦੇ ਕਾਲ ਵਸਤੂ ਅਭਿਮਾਨ, ਕਰਮ ਧਰਮ ਦਾ ਤਿਆਗ ਕਰਕੇ ਦੋਨਾਂ ਵਿਚ ਜੋ ਅਨੁਗਤ (ਮਿਲਿਆ ਹੋਇਆ) ਜੋ ਪੁਰਸ ਭਾਵ ਹੈ , ਉਹ ਇੱਕ ਹੈ । ਸਿਧਾਂਤ ;- ਇਸੇ ਤਰਾ ਜੀਵ, ਈਸਵਰ ਦੇ ਦੇਸ਼ ਕਾਲ ਆਦਿ ਦਾ ਤਿਆਗ ਕਰਕੇ ਦੋਹਾਂ ਵਿਚ ਅਨੋਗਤ ਜੋ ਚੇਤਨ ਮਾਤਰ ਬ੍ਰਹਮ ਅਤੇ ਆਤਮਾਂ ਇੱਕ ਹੈ, ਤਾਂ: ਹੀ ਮੈਂ ਬ੍ਰਹਮ ਹਾਂ। ਤਿਸਦਾ ਦ੍ਰਿੜ ਨਿਸਚਾ ਕਰਨਾਂ ਹੀ ਤਤ ਗਿਆਨ ਹੈ , ਤਾਂ ਹੀ ਸਾਰੇ ਦੁੱਖਾਂ ਦੀ ਨਵਿਰਤੀ ਅਤੇ ਪ੍ਰਮਾਂ ਅਨੰਦ ਦੀ ਪ੍ਰਾਪਤੀ ਰੂਪ ਮੋਕਸ਼ ਹੁੰਦਾ ਹੈ ।



Scanned by CamScanner

# 12ਵੀਂ ਕਲਾ ਸੁਰੂ
## (ਗਿਆਨੀ ਕੇ ਕ੍ਰਮ ਨਵਿਰਤੀ ਦਾ ਪ੍ਰਕਾਰਵਰਨਣ )

### ਤੋਟਕ ਛੰਦ

ਜਿਨ ਆਤਰੂਪ ਪਯੋ ਜੁ ਭਲੇ । ਤਿਸ ਤ੍ਰੈਵਿਧਕ੍ਰਮ ਮਿਟੇ ਸਕਲੇ ।।
ਤਮ ਆਵ੍ਰਿਤਿ ਅਸਿਤ ਸੰਚਿਤ ਲੇ । ਨਿਜ ਬੋਧ ਸੁ ਪਾਵਕ ਸ੍ਰਵ ਜਲੇ ।।
ਜੜ ਚੇਤਨ ਗਾਂਠ ਵਿਭੇਦ ਬਲੇ । ਦ੍ਰਿੜਰਾਗ ਦਵੇਸ ਕਛਾਏ ਗਲੇ ।।
ਜਲਮੈ ਜਿਮ ਲਿਪਤ ਨ ਕਜਦਲੇ । ਪ੍ਰਸੇ ਨ ਅਗਾਮਿ ਜੁ ਕ੍ਰਮ ਮਲੇ ।।
ਇਸ ਜਨਮ ਅਰੰਬਕ ਕ੍ਰਮ ਫਲੇ । ਸੁੱਖ ਦੁੱਖ ਭੋਗਤ ਹੋਤ ਪਰਲੇ ।।
ਇਸ ਭਾਂਤਿ ਜੁ ਹੋਵਤ ਜਨਮ ਵਿਲੇ । ਪਿਖ ਰੂਪ ਪੀਤਾਂਬਰ ਸਵੈਂ ਵਿਮਲੇ ।।

ਪ੍ਰ :- 216 ਕਰਮ ਕੀ ਹੈ ?

ਉ ;- ਸਰੀਰ, ਬਾਣੀ, ਔਰ ਮਨ ਕੀ ਕ੍ਰਿਆ, ਸੋ ਕਰਮ ਹੈ ।

ਪ੍ਰ ;- 217 ਕਰਮ ਕਿੰਨੇ ਪ੍ਰਕਾਰ ਦਾ ਹੈ ?

ਉ ; - 1 ਸੰਚਿਤ 2 ਪ੍ਰਾਰਬਧ 3 ਕ੍ਰਿਆਮਾਨ (ਆਗਾਮਿ) ਤਿੰਨ ਪ੍ਰਕਾਰ ਦਾ ਹੈ ।

ਪ੍ਰ ;-218 ਸੰਚਿਤ ਕਰਮ ਕੀ ਹੈ ?

ਉ ;- ਅਨੇਕ ਅਤੀਤ ਜਨਮਾਂ ਵਿਖੇ ਸੰਚਿਅ, ਪਿਛਲਾ ਕੀਤਾ ਜੋ ਕਰਮ ਹੈ ਉਹ ਸੰਚਿਤ ਕਰਮ ਹੈ ।

ਪ੍ਰ :- 219 ਪ੍ਰਾਰਬਧ ਕਰਮ ਕੀ ਹੈ ?

ਉ ;- ਅਨੇਕ ਸੰਚਿਤ ਕਰਮਾਂ ਵਿਚੋਂ ਪ੍ਰਿਥੱਕ ਹੋਇਆ ਅਤੇ ਈਸਵਰ ਦੀ ਇੱਛਾ ਨਾਲ ਇਸ ਵਰਤਮਾਨ ਸਰੀਰ ਦਾ ਅਰੰਭਕ, ਜੋ ਕੋਈ ਇੱਕ ਸੰਚਿਤ ਕਰਮ, ਓਹ ਹੀ ਪ੍ਰਾਰਬਧ ਕਰਮ ਹੈ ।

ਪ੍ਰ ;- 220 ਕ੍ਰਿਆਮਾਣ ਕਰਮ ਕੀ ਹੈ ?

ਉ ;- ਗਿਆਨ ਤੋਂ ਪਹਿਲਾਂ ਜਾਂ ਪਿਛੇ, ਇਸ ਵਰਤਮਾਨ ਸਰੀਰ ਵਿਚ, ਮਰਣਪਰਯੰਤ (ਮਰਨ ਤੱਕ) ਜੋ ਵੀ ਕਰਮ ਕਰੀਏ ਉਹ ਕ੍ਰਿਆਮਾਣ ਕਰਮ ਹੈ ।



Scanned by CamScanner

ਪ੍ਰ :- 221 ਗਿਆਨੀ ਦੇ ਕਰਮ ਦੀ ਨਿਵਿਰਤੀ ਕਿਸ ਢੰਗ ਨਾਲ ਹੁੰਦੀ ਹੈ ?

ਉ :- ਗਿਆਨ ਨਾਲ, ਅਗਿਆਨ ਦੇ ਆਵਰਣ ਅੰਸ਼ ਦੀ ਨਿਵਿਰਤੀ ਹੁੰਦੀ ਹੈ, ਆਵਰਣ ਨਿਵਿਰਤੀ ਦੇ ਹੁੰਦੇ ਹੋਏ, ਆਵਰਣ ਨੂੰ ਆਸਯ (ਸਹਾਰਾ) ਕਰਕੇ ਸਥਿਤ ਪੂਰਬਲੇ ਅਨੇਕ ਜਨਮਾਂ ਵਿਖੇ ਕੀਤੇ ਕਰਮ ਦੀ ਨਿਵਿਰਤੀ (ਨਾਸ਼) ਹੁੰਦੀ ਹੈ ਅਤੇ ਗਿਆਨ ਤੋਂ ਪਹਿਲਾਂ ਪਿਛੋਂ ਇਸ ਜਨਮ ਵਿਖੇ ਕੀਤੇ ਕ੍ਰਿਆਮਾਣ ਕ੍ਰਮ ਦਾ ਮੈਂ ਅਕਰਤਾ, ਅਭੋਗਤਾ, ਅਸੰਗ ਬ੍ਰਹਮ ਹਾਂ । ਇਸ ਨਿਸਚੇ ਦੇ ਬਲ ਨਾਲ ਅਪਣੇ ਆਸਯ ਭਰਮਜ਼ ਤਦਾਤਮਯ ਦੇ ਨਾਸ ਕਰਕੇ ਅਤੇ ਰਾਗ ਦਵੈਸ ਦੇ ਅਭਾਵ ਤੋਂ ਜਲ ਵਿਖੇ ਸਥਿਤ ਕਮਲ ਪੱਤਰ ਦੀ ਤਰਾਂ ਗਿਆਨੀ ਨੂੰ ਸਪਰਸ ਨਹੀਂ ਹੁੰਦਾ । ਪਰ ਗਿਆਨੀ ਦੇ ਕ੍ਰਿਆਮਾਣ ਜੋ ਇਸ ਜਨਮ ਵਿਖੇ ਕੀਤੇ ਸੁਭ ਅਤੇ ਅਸੁਭ ਕਰਮ ਤੋਂ ਸਕਾਮੀ ਭਗਤ ਅਤੇ ਦਵੈਸੀ (ਨਿੰਦਕਜਨ) ਗ੍ਰਹਿਣ ਕਰਦਾ ਹੈ ਅਤੇ ਗਿਆਨ ਦੀ ਵਿਸ਼ੇਸ ਸਕਤੀ ਦੇ ਆਸਿਤ ਗਿਆਨੀ ਦੇ ਕਿਸੇ ਪੂਰਬਲੇ ਇਸ ਜਨਮ ਵਿੱਖੇ ਕੀਤੇ, ਇਸ ਜਨਮ ਦੇ ਅਰੰਭ ਕਰਮ ਦੀ ਭੋਗ ਨਾਲ ਨਿਵਿਰਤੀ ਹੁੰਦੀ ਹੈ । ਇਸ ਲਈ ਗਿਆਨੀ ਸਾਰੇ ਕਰਮਾਂ ਤੋਂ ਮੁਕਤ ਹੈ । ਇਸ ਕਰਕੇ ਹੀ ਕਰਮ ਰਚਿਤ ਜਨਮ ਆਦਿ ਸੰਸਾਰ ਤੋਂ ਵੀ ਨਿਵਿਰਤ ਹੁੰਦਾ ਹੈ ।

## 13 ਕਲਾ ਸੁਰੂ

(ਸਪਤ ਗਿਆਨਭੂਮਿਕਾ ਵਰਨਣ) ਤੋਟਕ ਛੰਦ

ਨਿਜ ਬੋਧਕਿ ਭੂਮਿ ਸੁ ਸਪਤ ਅਹੈ । ਇਸ ਭਾਂਤਿ ਵਿਸਸਟ ਮਨੀਸ ਕਹੈ ।।
ਸੁਭਸਾਧਨ ਸੰਪਤਿ ਆਦਿ ਲਹੈ । ਸਹਵਣਾਦਿ ਵਿਚਾਰ ਦਿਵਤੀਯ ਵਹੈ ।।
ਨਿਧਿਆਸਨ ਤੀਸਰ ਭੂਮਿ ਗਹੈ । ਅਪ੍ਰੋਕਸ ਨਿਜਾਤਮ ਚੋਥਿ ਚਹੈ ।।
ਹਮਤਾ ਮਮਤਾ ਬਿਨ ਪੰਚਮ ਹੈ । ਛਟਵੀਂ ਸਭ ਵਸਤੂ ਅਕਾਰ ਦਹੈ ।।
ਸਤਮੀ ਤੁਰਿਆ ਜੁ ਵਰਿਸਿਠਤ ਹੈ । ਸਭ ਵਿਰਤਿ ਵਿਲੀਨ ਚਿਦਾਤਮ ਰਹੈ ।।
ਇਵ ਗਾੜਸਸੁਪਿਤ ਨ ਜਾਗ੍ਰਤ ਹੈ । ਪਰਮਾਨੰਦ ਮਤ ਪੀਤਾਂਬਰ ਹੈ ।



Scanned by CamScanner

ਪ੍ਰ ;- 222 ਸਰਵ ਗਿਆਨ ਦਾ ਨਿਸਚਾ ਤਾਂ ਏਕ ਹੀ ਹੈ, ਪ੍ਰੰਤੂ ਸਥਿਤੀ ਦਾ ਭੇਦ ਕਿਸ ਤਰਾਂ ਹੈ ?

ਉ ;- ;ਸਰਵ ਗਿਆਨ ਦੀ ਸਥਿਤੀ ਦਾ ਭੇਦ ਗਿਆਨ ਭੂਮਿਕਾ ਦੇ ਭੇਦ ਤੋਂ ਹੈ

ਪ੍ਰ;- 223 ਇਹ ਗਿਆਨ ਭੂਮਿਕਾ ਕਿਤਨੀ ਹੈ ?

ਉ ;- 1 ਸੁਭ ਇੱਛਾ 2 ਸੁਵਿਚਾਰਣਾਂ 3 ਤਨੁਮਾਨਸਾ 4 ਸਤਵਾਪਤਿ 5 ਅਸੰ ਸ਼ਕਤੀ6 ਪਦਾਰਥਭਾਵਿਨੀ 7 ਤੁਰੀਆਗਾ ਇਹ ਸਤ ਗਿਆਨ ਭੂਮਿਕਾ ਹਨ ।

ਪ੍ਰ ;- 224 ਸੁਭ ਇੱਛਾ ਕੀ ਹੈ ?

ਉ ;- ਪੂਰਵ ਜਨਮ ਵਿਖੇ ਅਤੇ ਇਸ ਜਨਮ ਵਿਖੇ ਕੀਤੇ ਨਿਸਕਾਮ ਕਰਮ ਅਤੇ ਉਪਾਸਨਾਂ ਨਾਲ ਸੁੱਧ ਅਤੇ ਇਕਾਗਰ ਚਿੱਤ ਵਾਲੇ ਪੁਰਸ ਨੂੰ ਵਿਵੇਕ ਵੈਰਾਗ, ਸਟਸੰਪਤਿ ਅਤੇ ਮੋਕਸ- ਇੱਛਾ, ਇਹ ਚਾਰੇ ਸਾਧਨ ਹੋਕੇ ਜੋ ਆਤਮਾਂ ਦੇ ਜਾਨਣ ਦੀ ਤੀਬਰ ਇੱਛਾ ਹੁੰਦੀ ਹੈ । ਇਹ ਸੁਭ ਇੱਛਾ ਨਾਂਮ ਗਿਆਨ ਦੀ ਪਹਿਲੀ ਭੂਮਿਕਾ ਹੈ ।

ਪ੍ਰ 225 ;- ਸੁਵਿਚਾਰਣਾਂ ਕੀ ਹੈ ?

ਉ ;- ਆਤਮਾਂ ਨੂੰ ਜਾਨਣ ਦੀ ਤੀਬਰ ਇੱਛਾ ਨਾਲ ਬ੍ਰਹਮ ਨਿਸਠ ਗੁਰੂ ਦੀ ਵਿਧੀਪੂਰਵਕ ਸਰਣ ਜਾਕੇ, ਗੁਰੂ ਦੇ ਮੁੱਖ ਤੋਂ ਜੀਵ ਬ੍ਰਹਮ ਦੀ ਏਕਤਾ ਦੇ ਬੋਧਕ ਵੇਦਾਂਤ, ਵਾਕ ਨੂੰ ਸ੍ਰਵਣ ਕਰਕੇ, ਤਿਸ ਸੁਣੇ ਹੋਏ ਅਰਥ ਨੂੰ ਅਪਣੇ ਮਨ ਵਿਖੇ ਘਟਾਉਣ ਵਾਸਤੇ ਅਨੇਕ ਯੁਕਤੀਆਂ ਨਾਲ ਮਨਨ - ਵਿਚਾਰ ਕਰਨਾਂ ਸੋ ਸੁਵਿਚਾਰਣਾਂ ਗਿਆਨ ਦੀ ਦੂਜੀ ਭੂਮਿਕਾ ਹੈ ।

ਪ੍ਰ ;-226 ਤਨੁਮਾਨਸਾ ਕੀ ਹੈ ?

ਉ ;- ਸਵਰੂਪ ਕੇ ਸ਼ਾਕਸਾਤਕਾਰ (ਸਾਕਸਾਤ ਦਰਸਨ) ਅਪ੍ਰੋਕਸ ਅਨੁਭਵ ਅਰਥ ਸ੍ਰਵਣ ਮੰਨਨ ਦੁਆਰਾ ਨਿਰਣਾਂ ਕੀਤੇ ਬ੍ਰਹਮ ਆਤਮਾਂ ਦੀ ਏਕਤਾ ਰੂਪ ਅਰਥ ਦੇ ਨਿਰੰਤਰ ਚਿੰਤਨ ਰੂਪ, ਨਿਧਿਆਸਨ ਨਾਲ ਜੋ ਸਥੂਲ ਮਨ ਦੀ ਕਹੋ ਬਹਿ ਮੁਖਤਾ ਕੀ ਸੂਕਸ਼ਮਤਾ ਨਾਂਮ ਅੰਤਰਮੁੱਖਤਾ ਹੁੰਦੀ ਹੈ । ਸੋ ਤਨੁਮਾਨਸਾ ਗਿਆਨ ਦੀ ਤੀਸਰੀ ਭੂਮਿਕਾ ਹੈ ।

ਪ੍ਰ ;- 227 ਸਤਵਾਪਤਿ ਕੀ ਹੈ ?

ਉ ;- ਸਰਵਣ, ਮਨਨ, ਨਿਧਿਆਸਨ ਨਾਲ ਸੰਕਾ ਅਤੇ ਤਰਕ ਤੋਂ ਰਹਿਤ ਸਵਰੂਪ ਸ਼ਾਕਸਾਤ ਸ਼ਾਕਸਾਤਕਾਰ ਰੂਪ ਨਿਰਵਿਕਲਪ (ਕਲਪਨਾਂ ਰਹਿਤ) ਸਥਿਤੀ ਹੋਣ ਨਾਲ ਤੱਤ ਗਿਆਨ ਯੁਕਤ ਮੰਨਨ ਰੂਪ ਸਤਵਸਤ (ਸੁੱਧ ਅੰਤਹਕਰਨ) ਦੀ ਜੋ ਪ੍ਰਾਪਤੀ ਹੁੰਦੀ ਹੈ, ਉਹ ਸਤਵਾਪਤਿ ਗਿਆਨ ਦੀ ਚੌਥੀ ਭੂਮਿਕਾ ਹੈ ।



Scanned by CamScanner

ਪ੍ ;- 228 ਅਸੰਸ਼ਕਤੀ ਕੀ ਹੈ ?

ਉ ;- ਨਿਰਵਿਕਲਪ ਸਮਾਧਿ ਕੇ ਅਭਿਆਸ ਦੀ ਪ੍ਰਪੱਕਤਾ ਨਾਲ ਦੇਹ ਵਿਖੇ ਸਾਰੀ ਅਹੰਤਾ ਮਮਤਾ ਨਾਸ ਹੋਕੇ ਦੇਹ ਆਦਿ ਵਿੱਖੇ ਜੋ ਸਾਰੀ ਅਸੰਸਕਤੀ ਦਾ ਨਾਸ ਪ੍ਰਤੀਤ ਦਾ ਅਭਾਵ ਹੁੰਦਾ ਹੈ । ਸੋ ਅਸੰਸਕਤੀ ਨਾਂਮ ਗਿਆਨ ਦੀ ਪੰਚਮ ਭੂਮਿਕਾ ਹੈ ।

ਪ੍;- 229 ਪਦਾਰਥਭਾਵਿਨੀ ਕੀ ਹੈ ?

ਉ ;- ਅਤਿਸ਼ਯ ਨਿਰਵਿਕਲਪ ਸਮਾਧਿ ਦੇ ਅਭਿਆਸ ਨਾਲ ਦੇਹ ਆਦਿ ਸਾਰੇ ਪਦਾਰਥਾਂ ਦਾ ਅਧਿਸਠਾਨ ਬ੍ਰਹਮ ਰੂਪ ਨਾਲ ਪ੍ਰਤੀਤੀ ਹੋਣ ਕਰਕੇ ਜੋ ਪ੍ਰਤੀਤ ਹੁੰਦਾ ਹੈ । ਸੋ ਪਦਾਰਥਭਾਵਿਨੀ ਨਾਂਮ ਗਿਆਨ ਦੀ ਛੇਵੀਂ ਭੂਮਿਕਾ ਹੈ ।

ਪ੍ ;-230 ਤੁਰੀਆ ਕੀ ਹੈ ?

ਉ ;- ਗਿਆਤਾ ਗਿਆਨ, ਅਤੇ ਗੇਅ ਰੂਪ ਤ੍ਰਿਪੁਟੀ ਦੀ ਚੌਥੀ ਅਤੇ ਪੰਜਵੀਂ ਭੂਮਿਕਾ ਦੀ ਤਰਾਂ ਭਾਵਰੂਪ ਕਰਕੇ ਅਤੇ ਛੇਵੀਂ ਭੂਮਿਕਾ ਦੀ ਤਰਾਂ ਅਭਾਵ ਰੂਪ ਕਰਕੇ ਪ੍ਰਤੀਤੀ ਵੀ ਜਿਥੇ ਨਹੀਂ ਹੁੰਦੀ, ਅਜਿਹੀ ਜੋ ਸਵੈਪਰ ਤੋਂ ਉਥਾਨ ਰਹਿਤ (ਅਪਣੇ ਪਰਾਏ ਦੇ ਭੇਦ) ਤੁਰੀਆ ਪਦ ਵਿਖੇ ਮਨ ਦੀ ਸਥਿਤੀ ਤੁਰੀਅਗਾਅ ਨਾਂਮ ਗਿਆਨ ਦੀ ਸੱਤਵੀਂ ਭੂਮਿਕਾ ਹੈ ।

ਪ੍ ;- 231 ਇਹ ਸਤ ਭੂਮਿਕਾ ਕਿਸਦੇ ਸਾਧਨ ਹਨ ?

ਉ ;- ਪਹਿਲੀ -ਦੂਜੀ ਅਤੇ ਤੀਜੀ ਭੂਮਿਕਾ ਤਤਵ ਗਿਆਨ ਦੇ ਸਾਧਨ ਹਨ । ਚੌਥੀ ਭੂਮਿਕਾ ਹੋਣ ਕਰਕੇ ਜੀਵ ਮੁਕਤ ਅਤੇ ਵਿਦੇਹ ਮੁਕਤ ਦਾ ਸਾਧਨ ਹੈ ਅਤੇ ਪੰਜਵੀਂ, ਛੇਵੀਂ ਅਤੇ ਸੱਤਵੀਂ ਭੂਮਿਕਾ, ਜੀਵਨ ਮੁਕਤਿ ਦੇ ਵਿਲਕਸ਼ਣ ਅਨੰਦ ਦਾ ਸਾਧਨ ਹੈ ।



Scanned by CamScanner

## 14ਵੀਂ ਕਲਾ ਸ਼ੁਰੂ (ਜੀਵਨ ਮੁਕਤਿ ਵਿਦੇਹ ਮੁਕਤੀ ਵਰਨਣ)

### ਤੋਟਕ ਛੰਦ

ਜਬ ਜਾਨਤ ਹੈ ਨਿਜ ਰੂਪਹਿ ਕੋ ।ਤਬ ਜੀਵਨ ਮੁਕਤਿ ਸਮੀਪਹਿਕੁ ।।
ਭ੍ਰਮਬੰਧ ਨਿਵਿਰਤੀ ਸਦੇਹਿਕੁ ।ਸੁਖਸੰਪਤਿ ਹੋਵਤ ਗੇਹ ਹਿਕੁ ।।
ਵਿਦਵਾਨ ਤਜੈ ਇਸ ਦੇਹਹਿਕੁ ।ਤਬ ਪਾਵਤ ਮੁਕਤਿ ਵਿਦੇਹਹਿਕੁ ।।
ਤਮ ਲੇਸ ਤਜੇ ਸਦ ਨਾਸਹਿਕੁ ,।ਤਜ ਦੇਤ ਪ੍ਰਪੰਚ ਅਭਾਸਹਿਕੁ ।।
ਸਰਿਤਾ ਇਵ ਸਾਗਰ ਦੇਸਹਿਕੁ । ਚਿਨਮਾਤਰ ਮਿਲਾਯ ਵਿਸੇਸਹਿਕੁ ।।
ਚਿਦ ਹੋਏ ਭਜੇ ਅਵਸੇਸਹਿਕੁ । ਨਾਂਹਿ ਜਨਮ ਪੀਤਾਂਬਰ ਸੇਸਹਿਕੁ ।।

ਪ੍ਰ ;- 232 ਜੀਵਨ ਮੁਕਤਿ ਕੀ ਹੈ ?

ਉ ;- ਦੇਹ ਆਦਿ ਪ੍ਰਪੰਚ ਦੀ ਪ੍ਰਤੀਤੀ ਹੁੰਦੇ ਹੋਏ ਜੋ ਬ੍ਰਹਮ ਰੂਪ ਸਥਿਤ ਹੈ, ਸੋ ਜੀਵਨ ਮੁਕਤਿ ਹੈ ।

ਪ੍ਰ ;- 233 ਜੀਵਨ ਮੁਕਤਿ ਵਿਖੇ ਪ੍ਰਪੰਚ ਦੀ ਪ੍ਰਤੀਤੀ ਕਿਉਂ ਹੁੰਦੀ ਹੈ ?

ਉ ;- ਆਵਰਣ ਅਤੇ ਵਿਕਸੇਪ ਇਹ ਦੋ ਅਗਿਆਨ ( ਅਵਿਦਿਆ ) ਦੀਆਂ ਸ਼ਕਤੀਆਂ ਹਨ ,ਇੰਨਾਂ ਵਿਚ ਆਵਰਣ ਸ਼ਕਤਿ ਦਾ ਗਿਆਨ ਨਾਲ - ਨਾਸ ਹੁੰਦਾ ਹੈ ,ਤਾਂ ਹੀ ਗਿਆਨੀ ਦੇ ਹੋਰ ਜਨਮ ਨਹੀਂ ਹੁੰਦੇ ,ਪ੍ਰੰਤੂ ਪ੍ਰਾਲਭਦ ਦੇ ਬਲ ਨਾਲ ਭੁਜੇ ਹੋਏ ਦਾਣੇ ਦੀ ਤਰਾਂ ਵਿਕਸੇਪ ਸ਼ਕਤੀ ਰਹਿੰਦੀ ਹੈ ,ਤਾਂ ਹੀ ਜੀਵਨ ਮੁਕਤਿ ਵਿਖੇ ਪ੍ਰਪੰਚ ਦੀ ਪ੍ਰਤੀਤੀ ਹੁੰਦੀ ਹੈ ।

ਪ੍ਰ ;- 234 ਜੀਵਨ ਮੁਕਤਿ ਵਿਖੇ ਪ੍ਰਪੰਚ (ਸੰਸਾਰ) ਦੀ ਪ੍ਰਤੀਤੀ ਕਿਸ ਤਰਾਂ ਹੁੰਦੀ ਹੈ ?

ਉ ;- ਜਿਸ ਤਰਾਂ ਰੱਸੀ ਦੇ ਗਿਆਨ ਨਾਲ ਸੱਪ ਦੇ ਭੁਲੇਖੇ ਦੀ ਨਵਿਰਤੀ ਹੋਣ ਨਾਲ ਪਿਛੇ, ਕੰਬਣੀ ਮਹਿਸੂਸ ਹੁੰਦੀ ਹੈ । ਜਿਸ ਤਰਾਂ ਸੀਸੇ ਦੇ ਗਿਆਨੀ ਨੂੰ ਪ੍ਰਤੀਬਿੰਬ ਭਾਸਦਾ ਹੈ ਅਤੇ ਜਿਸ ਤਰਾਂ ਮਾਰੂਥਲ ਦੇ ਗਿਆਨੀ ਨੂੰ ਮ੍ਰਿਗਜਲ ਭਾਸਦਾ ਹੈ ਇਸੇ ਤਰਾਂ ਤੱਤ ਗਿਆਨੀ ਨੂੰ ਜੀਵਨ ਮੁਕਤਿ ਦੀ ਦਸਾ ਵਿਖੇ ਬਾਧਤ ਭਏ (ਹਟਕੇ ਉਪਰੰਤ) ਪ੍ਰਪੰਚ ਪ੍ਰਤੀਤ ਹੁੰਦਾ ਹੈ ।

ਪ੍ਰ ;- 235 ਬਾਧਿਤ ਭਏ ਪ੍ਰਪੰਚ (ਸੰਸਾਰ ਨਹੀਂ ਪਰ ਪ੍ਰਤੀਤ ਹੁੰਦਾ ਹੈ) ਦੀ ਪ੍ਰਤੀਤੀ ਸਬੰਧੀ ਹੋਰ ਦ੍ਰਿਸਟਾਂਤ ਕੀ ਹੈ ।

ਉ ;- ਦ੍ਰਿਸਟਾਂਤ ;- ਜਿਸ ਤਰਾਂ ਮਹਾਂਭਾਰਤ ਦੇ ਯੁੱਧ ਵਿਚ ਦਰੋਣਾਂਚਾਰੀਯ ਦੇ ਮਰਨ ਪਿੱਛੋਂ, ਅਸਵਤਾਮਾਂ ਆਦਿ ਨਾਲ ਯੁੱਧ ਹੋਇਆ ਤਾਂ ਸਤ ਸੰਕਲਪ ਸ੍ਰੀ ਕ੍ਰਿਸਨ ਪ੍ਰਮਾਤਮਾਂ ਨੇ ਇਹ ਸੰਕਲਪ ਕੀਤਾ ਕਿ ਇਸ ਯੁੱਧ ਦੀ ਸਮਾਪਤੀ ਉਪਰੰਤ ਇਹ ਰਥ ਅਤੇ ਘੋੜੇ ਜਿਉਂ ਦੇ ਤਿਉਂ ਹੀ ਬਣੇ ਰਹਿਣ ,ਇਹ ਚਿੰਤਨ ਕਰਕੇ ਯੁੱਧ ਭੂਮੀਂ ਵਿਚ ਆਏ ।ਉਥੇ ਅਸਵਤਾਮਾਂ ਆਦਿ ਨੇ ਅਸਤਰ ਆਦਿ ਦਾ ਸਮੂਹ ਛੱਡਿਆ ਤਿਸਕਰਕੇ ,ਉਸੇ ਸਮੇਂ ਅਰਜਨ ਦੇ ਰਥ ਅਤੇ ਘੋੜੇ ਭਸਮ ਹੋ ਗਏ ਤਾਂ ਵੀ ਸ੍ਰੀ ਕ੍ਰਿਸਨ ਪ੍ਰਮਾਤਮਾਂ ਰੂਪ ਸਾਰਥੀ ਦੇ ਸੰਕਲਪ ਦੇ ਬਲ ਨਾਲ ਜਿਉਂ ਦੇ ਤਿਉਂ ਬਣੇ ਰਹੇ । ਜਦੋਂ ਯੁੱਧ



Scanned by CamScanner

ਸਮਾਪਤ ਹੋਇਆ, ਤਾਂ ਭਸਮ ਦਾ ਢੇਰ ਹੋ ਗਿਆ । ਸਿਧਾਂਤ ;- ਇਸੇ ਤਰਾਂ ਸਥੂਲ ਸਰੀਰ ਰਥ ਹੈ, ਇਸ ਦੇ ਪੁੱਨ ਪਾਪ ਦੋ ਚੱਕਰ ਹਨ ਅਤੇ ਤਿੰਨ ਗੁਣ ਰੂਪੀ ਝੰਡਾ ਹੈ । ਪੰਚ ਪ੍ਰਾਂਣ ਰੂਪੀ ਬੰਧਨ ਹੈ ਅਤੇ ਦਸ ਇੰਦਰੀਆਂ ਘੋੜੇ ਹਨ । ਸੁਭ -ਅਸੁਭ ਸਬਦ ਆਦਿ ਪੰਚ ਵਿਸੇ ਰੂਪ ਮਾਰਗ ਹਨ ।ਮਨ ਰੂਪੀ ਲਗਾਮ ਹੈ ।ਬੁੱਧੀ ਰੂਪ ਸਾਰਥੀ ਹੈ (ਸ੍ਰੀ ਕ੍ਰਿਸ਼ਨ) ਪ੍ਰਾਰਬਧ ਕਰਮ ਰੂਪ ਤਿਸਦਾ ਸੰਕਲਪ ਹੈ । ਹੰਕਾਰ ਰੂਪੀ ਬੈਠਣ ਦਾ ਸਥਾਨ ਹੈ ਆਤਮਾਂ ਰੂਪੀ ਰਥੀ ਹੈ (ਅਰਜਨ) ਤਿਸਦੇ ਹੰਕਾਰ ਵੈਰਾਗ ਸਾਧਨ ਰੂਪ ਸਸ਼ਤਰ ਹਨ । ਸੋ ਰਥ ਤੇ ਸਵਾਰ ਹੋਕੇ ਸਤਸੰਗ ਰੂਪੀ ਰਣਭੂਮੀ ਵਿਚ ਗਿਆ, ਤਿਸਨੂੰ ਗੁਰੂ ਰੂਪ ਅਸਵਥਾਮਾਂ ਆਦਿ ਨੇ ਮਹਾਂ ਵਾਕ ਦਾ ਉਪਦੇਸ ਰੂਪੀ ਬ੍ਰਹਮ ਸਸਤਰ ਆਦਿ ਉਪਦੇਸ ਰੂਪੀ ਬ੍ਰਹਮ ਸਸਤਰ ਆਦਿ ਮਾਰਿਆ ਤਿਸ ਕਰਕੇ ਗਿਆਨ ਰੂਪੀ ਅਗਨੀ ਪ੍ਰਗਟ ਹੋਕੇ ਉਸੇ ਵਕਤ ਪ੍ਰਪੰਚ ਰੂਪ ਰਥ ਆਦਿ ਸਾਰਿਆਂ ਦਾ ਨਾਸ ਹੋਇਆ , ਤਾਂ ਵੀ ਸ੍ਰੀ ਕ੍ਰਿਸ਼ਨ ਰੂਪ ਸਾਰਥੀ ਸਥਾਨਿ ਬੁੱਧੀ ਦੇ ਪ੍ਰਾਰਬਧ ਕਰਮ ਰੂਪੀ ਸੰਕਲਪ ਦੇ ਬਲ ਨਾਲ ਦੇਹ ਆਦਿ ਦਾ ਨਾਸ ਨਹੀਂ ਹੁੰਦਾ ।ਪ੍ਰੰਤੂ ਪਿਛੇ ਵੀ ਦੇਹ ਆਦਿ ਦੀ ਪ੍ਰਤੀਤੀ ਹੁੰਦੀ ਹੈ । ਇਸ ਨੂੰ ਬਾਧਿਤ ਨਵਿਰਤੀ ਕਹਿੰਦੇ ਹਨ। ਇਸਤਰਾਂ ਇਹ ਬਾਧਿਤ ਭਏ ਪ੍ਰਪੰਚ ਦੀ ਪ੍ਰਤੀਤੀ ਵਿਖੇ ਦ੍ਰਿਸਟਾਂਤ ਹੈ ।

ਪ੍ਰ ;-236 ਵਿਦੇਹ ਮੁਕਤਿ ਕੀ ਹੈ ?

ਉ ;- ਪ੍ਰਪੰਚ ਦੀ ਪ੍ਰਤੀਤੀ ਰਹਿਤ ਬ੍ਰਹਮ ਸਵਰੂਪ ਵਿਚ ਸਥਿਤ ਜਾਂ ਪ੍ਰਾਰਬਧ ਕਰਮ ਦੇ ਭੋਗ ਨਾਲ ਨਾਸ ਹੋਏ ,ਪਿੱਛੇ ਸਥੂਲ-ਸੂਕਸ਼ਮ ਸਰੀਰ ਦੇ ਅਕਾਰ ਤੋਂ ਨਤੀਜੇ ਨੂੰ ਪ੍ਰਾਪਤ ਹੋਏ ਅਗਿਆਨ ਦਾ, ਚੇਤਨ ਵਿਖੇ ਲੀਨਤਾ ਇਹ ਵਿਦੇਹ ਮੁਕਤਿ ਹੈ ।

ਪ੍ਰ ;- 237 ਪ੍ਰਾਰਬਧ ਦੇ ਅੰਤ ਹੋਏ ਕਾਰੀਜ ਸਹਿਤ ਅਗਿਆਨ ਲੇਸ ਦਾ ਵਿਲਯ ਕਿਸ ਸਾਧਨ ਨਾਲ ਹੁੰਦਾ ਹੈ ?

ਉਤਰ :- ਪ੍ਰਾਰਬਧ (ਪਿਛਲੇ ਕਰਮ) ਕਰਮ ਦੇ ਅੰਤ ਹੋਏ ਜਿਆਦਾ ਜਾਂ ਘੱਟ ਮੂਰਛਾ ਕਾਲ ਵਿਖੇ ਜੇਕਰ ਬ੍ਰਹਮਾਂਕਾਰ ਵਿਰਤੀ ਅਸੰਭਵ ਹੈ ,ਅਤੇ ਵਿਦਵਾਨ ਨੂੰ ਵਿਧੀ ਵੀ ਨਹੀਂ ਹੈ ਤਾਂ ਸੁਪਨੇ ਦੀ ਤਰ੍ਹਾਂ ਮੂਰਛਾਕਾਲ ਵਿਚ ਵੀ ਬ੍ਰਹਮ ਵਿਦਿਆ ਦਾ ਸੰਸਕਾਰ ਹੈ । ਤਿਸ ਵਿਚ ਅਰੁੜ ਚੇਤਨ ਨਾਲ ਕਾਰਯ ਸਹਿਤ ਅਗਿਆਨ ਲੇਸ ਕਾ ਵਿਲਯ ਹੁੰਦਾ ਹੈ । ਅਤੇ ਕਾਸਠ ਅਰੁੜ ਅਗਨਿ (ਜਲ ਰਹੀ ਅੱਗ) ਨਾਲ ਤ੍ਰਿਣ (ਛੋਟੇ ਡੱਕੇ ਤੋਂ ਲੈਕੇ) ਆਦਿ ਦਾ ਨਾਸ ਹੋਕੇ ਅਪਣੇ ਵੀ ਦਾਹ ਦੀ ਤਰਾਂ ਸੰਸਕਾਰ ਅਰੂੜ ਚੇਤਨ ਨਾਲ ਪ੍ਰਪੰਚ ਦਾ ਵਿਨਾਸ ਹੋਕੇ ਆਪ (ਗਿਆਨ ਦੇ ਸੰਸਕਾਰ) ਦਾ ਵੀ ਵਿਨਾਸ ਹੁੰਦਾ ਹੈ । ਪਿੱਛੇ ਅਸੰਗ ਸੁੱਧ ਸੱਚਦਾਨੰਦ ਸਵੰਪ੍ਰਕਾਸ ਅਪਣਾ ਆਪ ਬ੍ਰਹਮ ਬਾਕੀ ਬਚਦਾ ਹੈ ।



Scanned by CamScanner

## 15 ਕਲਾ ਸ਼ੁਰੂ ( ਵੇਦਾਂਤਪ੍ਰਮੇਯ (ਪਦਾਰਥ) ਵਰਨਣ ) ਲਲਿਤ ਛੰਦ

ਜਨ ਤੂੰ ਜਾਨਿਲੇ ਗੇਯ ਅਰਥ ਕੁ । ਸਕਲ ਛੇਦ ਸੰਦੇ ਅਨਰਥ ਕੁ ।।
ਮੁਗਤਿ ਕੌਨ ਹੈ ਹੇਤੂ ਤਾਹਿਕੋ । ਜਨਕ ਬੀਚਕੋ ਕੋਨ ਵਾਹਿਕੋ ।।
ਵਿਸਯ ਬੋਧਕੋ ਕੋਨ ਜਾਨਿਲੇ । ਪਰਤਕ ਈਸਕੋ ਤਤਵ ਮਾਨਿਲੇ ।।
ਅਹਮ ਅਰਥ ਕੁ ਖੂਬ ਸੋਜਿਲੇ । ਤਤ ਪਦਾਰਥ ਕੋ ਸੁੱਧ ਖੋਜਿਲੇ ।।
ਪ੍ਰਮ ਆਤਮਾਂ ਏਕ ਮਾਨਿਲੇ । ਤਹੰ ਸਦਾਦਿ ਏਸਵਰਯ ਆਨਿਲੇ ।।
ਸਤ ਚਿਦਾਤਮ ਸੋ ਸਰਵਦਾ ਅਹੈ । ਇਸ ਪੀਤਾਂਬਰੋ ਗਿਆਨ ਕੁ ਗਹੈ ।।

ਪ੍ਰ 238:- ਮੋਕਸ਼ ਦਾ ਸਵਰੂਪ ਕੀ ਹੈ ?
ਉ :- ਕਾਰੀਜ ਸਹਿਤ ਅਗਿਆਨ ਰੂਪ ਅਨਰਥ ਦੀ ਨਵਿਰਤੀ ਅਤੇ ਪਰਮਾਨੰਦ ਰੂਪ ਬ੍ਰਹਮ ਕੀ ਪ੍ਰਾਪਤੀ ,ਇਹ ਮੋਕਸ਼ ਦਾ ਸਵਰੂਪ ਹੈ ।

ਪ੍ਰ :-239 ਤਿਸ ਮੋਕਸ਼ ਦਾ ਸ਼ਾਕਸ਼ਾਤ ਸਾਧਨ ਕੀ ਹੈ ?
ਉ :- ਬ੍ਰਹਮ ਦਾ ਅਤੇ ਆਤਮਾਂ ਦੀ ਏਕਤਾ ਦਾ ਅਪ੍ਰੋਕਸ਼ ਗਿਆਨ , ਮੋਕਸ਼ ਦਾ ਸ਼ਾਕਸਾਤ ਸਾਧਨ ਹੈ ।

ਪ੍ਰ :- 240 ਮੋਕਸ਼ ਦਾ ਆਵਾਂਤਰ (ਗਿਆਨ ਦੁਆਰਾ ) ਸਾਧਨ ਕੀ ਹੈ ?
ਉ :- ਨਿਸਕਾਮ ਕਰਮ ਅਤੇ ਉਪਾਸਨਾਂ ਆਦਿ ਅਨੇਕ ਮੋਕਸ਼ ਦੇ ਅਵਾਂਤਰ ਸਾਧਨ ਹਨ ।

ਪ੍ਰ :-241 ਤਿਸ ਗਿਆਨ ਦਾ ਵਿਸਾ ਕੀ ਹੈ ?
ਉ :- ਆਤਮਾਂ ਅਤੇ ਬ੍ਰਹਮ ਦੀ ਏਕਤਾ ਗਿਆਨ ਦਾ ਵਿਸ਼ਾ ਹੈ ।

ਪ੍ਰ:- 242 ਆਤਮਾਂ ਦਾ ਸਵਰੂਪ ਕੀ ਹੈ ?
ਉ :- ਦੇਹ (ਸਰੀਰ) ਇੰਦਰੀਆਂ,, ਪ੍ਰਾਣ, ਮਨ, ਬੁੱਧੀ, ਅਗਿਆਨ, ਅਤੇ ਸੁਨਯ ਤੋਂ ਵੱਖ ਅਕਰਤਾ-ਅਭੋਗਤਾ, ਅਸੰਗ, ਵਿਆਪਕ ਅਤੇ ਚੇਤਨ ਆਤਮਾਂ ਦਾ ਸਵਰੂਪ ਹੈ।



Scanned by CamScanner

ਪ੍ਰ :- 243 ਬ੍ਰਹਮ ਦਾ ਸਵਰੂਪ ਕੀ ਹੈ ?
ਉ :- ਨਿਸਪ੍ਰਪੰਚ, ਅਸੰਗ, ਪ੍ਰੀਪੂਰਨ ਅਤੇ ਚੇਤਨ ਬ੍ਰਹਮ ਦਾ ਸਵਰੂਪ ਹੈ ।
ਪ੍ਰ :- 244 ਬ੍ਰਹਮ ਆਤਮਾਂ ਦੀ ਏਕਤਾ ਕੈਸੀ ਹੈ ?
ਉ :- ਸਚਿਦਾਨੰਦ, ਐਸ਼ਵਰਯ ਸਵਰੂਪ, ਸਦਾਵਿਦਮਾਨ, ਬ੍ਰਹਮ ਆਤਮਾਂ ਦੀ ਏਕਤਾ ਹੈ।
ਪ੍ਰ :- 245 ਗਿਆਨ ਦਾ ਸਵਰੂਪ ਕੀ ਹੈ ?
ਉ :- ਜੀਵ ਬ੍ਰਹਮ ਦੇ ਅਭੇਦ ਦਾ ਨਿਸਚਾ ਗਿਆਨ ਦਾ ਸਵਰੂਪ ਹੈ ।
ਪ੍ਰ :- 246 ਗਿਆਨ ਦਾ ਸਾਕਸਾਤ ਅੰਤਰੰਗ (ਨੇੜੇ ਦਾ ) ਸਾਧਨ ਕੇਹੜਾ ਹੈ ?
ਉ :- ਬ੍ਰਹਮ ਨਿਸਠ ਗੁਰੂ ਦੇ ਮੁੱਖ ਤੋਂ ਮਹਾਂਵਾਕ ਦੇ ਅਰਥ ਦਾ ਸੁਣਨਾਂ ,ਗਿਆਨ ਦਾ ਸ਼ਾਕਸ਼ਾਤ ਅੰਤਰੰਗ ਸਾਧਨ ਹੈ ।
ਪ੍ਰ :- 247 ਗਿਆਨ ਦੇ ਪ੍ਰੰਪਰਾ ਅੰਤਰੰਗ ਸਾਧਨ ਕੇਹੜੇ ਹਨ ?
ਉ :- 1 ਵਿਵੇਕ 2 ਵੈਰਾਗ 3 ਛਟਸੰਪਤਿ (ਸਮ-ਦਮ-ਉਪਰਤਿ, ਤਿਤਕਸ਼ਾ (ਸਹਿਣ ਕਰਨਾਂ) - ਸਰਧਾ-ਸਮਾਂਧਾਨ) 4 ਮੁਮਕਸ਼ਤਾ (ਮੁਕਤੀ ਦੀ ਇੱਛਾ) 5 ਤਤ ਪਦ ਅਤੇ ਤਵੰਮ ਪਦ ਦੇ ਅਰਥ ਦਾ ਸੋਧਨ 6 ਸ੍ਰਵਣ 7 ਮੰਨਨ 8 ਨਿਧਿਆਸਨ ,ਇਹ ਅੱਠ ਗਿਆਨ ਦੀ, ਪ੍ਰੰਪਰਾ ਤੋਂ ਅੰਤਰੰਗ ਸਾਧਨ ਹਨ ।
ਪ੍ਰ :- 248 ਗਿਆਨ ਦੇ ਵਹਿਰੰਗ ( ਦੂਰ ਦੇ ) ਸਾਧਨ ਕੇਹੜੇ ਹਨ ?
ਉ :- ਨਿਸਕਾਮ ਕਰਮ ਅਤੇ ਨਿਸਕਾਮ ਉਪਾਸਨਾਂ ਆਦਿ ਇਹ ਗਿਆਨ ਦੇ ਵਹਿਰੰਗ ਸਾਧਨ ਹਨ ।
ਪ੍ਰ :- 249 ਗਿਆਨ ਦੇ ਸਾਰੇ ਮਿਲਾਕੇ ਕਿਤਨੇ ਸਾਧਨ ਹਨ ?
ਉ :- ਗਿਆਨ ਦੇ ਸਾਰੇ ਮਿਲਾਕੇ 11 ਜਾਂ ਕੁਝ ਜਿਆਦਾ ਸਾਧਨ ਹਨ ।

**ਸਮਾਪਤ**

**ਓਮ ਨਮੋ ਭਗਵਤੇ ਵਾਸੁਦੇਵਾਏ**



Scanned by CamScanner

## ਭੂਮਿਕਾ

ਆਪ ਜੀ ਦੇ ਹੱਥ ਵਿਚਲਾ ਗਰੰਥ ਮੂਲ ਰੂਪ ਵਿਚ ਸ੍ਰੀ ਮਾਨ ਪੀਤਾਂਬਰ ਜੀ ਦੁਆਰਾ ਲਿਖਿਆ ਗਿਆ ਹੈ। ਇਸ ਗ੍ਰੰਥ ਵਿਚ ਬਹੁਤ ਸਾਰਾ ਗਿਆਨ ਭਰਿਆ ਪਿਆ ਹੈ ,ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਜ਼ਰੂਰਤ ਹੈ । ਇਸ ਦੀ ਸਮਝ, ਬਿਨਾਂ ਪੂਰਨ ਅਭਿਆਸ ਦੇ ਨਹੀਂ ਆ ਸਕਦੀ, ਕਿਸੇ ਪੂਰਨ ਮਹਾਂ ਪਰਸਾਂ ਦੇ ਗਿਆਨ ਦੇ ਸੰਸਕਾਰ ਅਤੇ ਸਰਵਨ ,ਮੰਨਣ ,ਨਿਧਿਆਸਨ ਦੀ ਪ੍ਰਕ੍ਰਿਆ ਨੂੰ ਪੂਰਨ ਰੂਪ ਵਿਚ ਅਪਣੇ ਜੀਵਨ ਤੇ ਘਟਾਉਣ ਨਾਲ ਹੀ ਇਸ ਗ੍ਰੰਥ ਦੇ ਗਿਆਨ ਨੂੰ ਪ੍ਰਪਤ ਕੀਤਾ ਜਾ ਸਕਦਾ ਹੈ । ਇਸ ਗ੍ਰੰਥ ਦਾ ਪੰਜਾਬੀ ਅਨੁਵਾਦ ,ਪੂਰਨ ਬ੍ਰਹਮ ਅਤੇ ਸ਼ਾਕਸਾਤ ਮਹਾਰਾਜ਼ ਜੀ ਦੇ ਅਸ਼ੀਰਵਾਦ ਸਦਕਾ ਹੋਇਆ ਹੈ ,ਮਹਾਨ ਆਤਮਾਂ ,ਪੂਰਨ ਗੁਰੂਦੇਵ ਜੀ ਦੀ ਪੂਰਨ ਕ੍ਰਿਪਾ ਸਦਕਾ ਹੀ ਅਜਿਹੇ ਪੂਰਨ ਬ੍ਰਹਮ ਜੀ ਦੇ ਦਰਸ਼ਨ ਹੋ ਸਕਦੇ ਹਨ । ਉਨ੍ਹਾਂ ਦੀ ਅਪਾਰ ਕ੍ਰਿਪਾ ਸਦਕਾ ਹੀ ਇਹ ਪੰਜਾਬੀ ਅਨੁਵਾਦ ਸੰਭਵ ਹੋਇਆ ਹੈ ,ਅਨੁਵਾਦ ਕਰਤਾ ਨੂੰ ਇਸ ਗ੍ਰੰਥ ਸਬੰਧੀ ਕੋਈ ਗਿਆਨ ਨਹੀਂ ਹੈ ।ਆਪ ਪੂਰਨ ਤੌਰਤੇ ਇਸ ਗ੍ਰੰਥ ਦੀ ਪੰਜਾਬੀ ਅਨੁਵਾਦ ਵਿਚੋਂ ਗਲਤੀਆਂ ਕੱਢਣ ਦੇ ਸਮਰੱਥ ਹੋ ,ਜਾਂ ਕਿਸੇ ਵਿਦਵਾਨ ਦੁਆਰਾ ਇਸਦਾ ਅਧਿਐਨ ਕਰ ਸਕਦੇ ਹੋ ।ਜਿਤਨਾਂ ਵੀ ਸੰਭਵ ਹੋ ਸਕਿਆ ਹੈ ਇਸਨੂੰ ਸਰਲ ਬਣਾਉਣ ਦੀ ਕੋਸ਼ਸ ,ਸਵਾਮੀ ਪੰਡਿਤ ਜੀ ਮਹਾਰਾਜ ਦੇ ਯਤਨਾਂ ਸਦਕਾ ਕੀਤੀ ਗਈ ਹੈ ।ਸ੍ਰੀ ਵਿਚਾਰ ਚੰਦਰੋਦਯ ਦਾ ਪੰਜਾਬੀ ਅਨੁਵਾਦ ਕਰਵਾਉਣ ਦਾ ਪ੍ਰਯੋਜਨ ਹੀ ਵਧ ਤੋਂ ਵੱਧ ਮਨੁੱਖਤਾ ਨੂੰ ਪ੍ਰਮਾਰਥ ਦੇ ਰਸਤੇ ਤੋਰਨਾਂ ਹੈ ਇਸ ਲਈ ਆਪ ਇਸ ਦਾ ਪੂਰਨ ਅਭਿਆਸ ਹਰ ਰੋਜ ਨਿਤਨੇਮ ਅਨੁਸਾਰ ਹੀ ਕਰੋ ।ਇਸਤੋਂ ਇਲਾਵਾ ਬੇਨਤੀ ਹੈ ਕਿ ਇਸ ਗ੍ਰੰਥ ਨੂੰ ਪੂਰਨ ਤੌਰਤੇ ਸਨਮਾਨ ਸਹਿਤ ਰੱਖਿਆ ਜਾਵੇ । ਆਪ ਅਪਣੇ ਆਪ ਨੂੰ ਪੂਰਨ ਭਾਗਸਾਲੀ ਅਨੁਭਵ ਕਰੋ ਕਿ ਅਜਿਹਾ ਉਚੱਾ ਅਤੇ ਗਿਆਨ ਭਰਭੂਰ, ਗ੍ਰੰਥਾਂ ਨੂੰ ਖੋਲਣ (ਜਾਣਨ) ਦੀ ਕੂੰਜੀ (ਸ੍ਰੀ ਵਿਚਾਰ ਚੰਦਰੋਦਯ ) ਆਪ ਦੇ ਹੱਥ ਆਈਂ ਹੈ । ਮਹਾਰਾਜ ਜੀ ਦਾ ਇਹ ਫਰਮਾਨ ਹੈ ਕਿ ਇਸ ਗ੍ਰੰਥ ਦਾ ਪੂਰਨ ਅਭਿਆਸ ਕਰਨ ਨਾਲ ਤੁਸੀ ਕਿਸੇ ਵੀ ਪ੍ਰਮਾਰਥ ਦੇ ਗ੍ਰੰਥ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹੋ ।ਇਸ ਲਈ ਪੂਰਨ ਸਰਧਾ, ਸਤਿਕਾਰ ਸਹਿਤ ਅਭਿਆਸ ਕਰਨ ਨਾਲ, ਮਹਾਂਪੁਰਸ਼ਾ ਦੁਆਰਾ ਗ੍ਰੰਥਾਂ ਰਾਹੀਂ ਦਿੱਤੇ ਪੂਰਨ ਗਿਆਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ।



Scanned by CamScanner